Vide R.N.I. No. Pun-Pun 2002/8323

ASR/0001/2024/26

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਅੰਕ: 160

D.O.P. 15 Nov. 2024

ਨਿਰੋਲ ਧਾਰਮਿਕ ਪੱਤ੍ਰਿਕਾ



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 555ਵਾਂ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ

ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਭਾਈ ਮਰਦਾਨਾ ਜੀ

ਅੰਦਰ ਪੜ੍ਹੋ ਜੀ

# 41ਵਾਂ ਸਲਾਨਾ ਸਮਾਗਮ ਬੰਦੀ ਛੋੜ੍ਹ ਦਿਵਸ ਨੂੰ ਸਮਰਪਿਤ

ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਹਰ ਸਾਲ ਦੀ ਤਰ੍ਹਾਂ ਬੰਦੀ ਛੋੜ੍ਹ ਦਿਵਸ ਨੂੰ ਮਨਾਉਂਦੇ ਹੋਏ **41ਵਾਂ ਸਲਾਨਾ ਸਮਾਗਮ** ਕਰਵਾਇਆ ਗਿਆ। ਗੁ: ਸਤਿਸੰਗ ਸਭਾ, ਬਜ਼ਾਰ ਲੁਹਾਰਾਂ ਵਿਖੇ 27 ਸਤੰਬਰ ਤੋਂ 11 ਸਹਿਜ ਪਾਠਾਂ ਦੇ ਪ੍ਰਵਾਹ, ਚੁਪਹਿਰਾ ਜਪ ਤਪ ਸਮਾਗਮ ਉਪਰੰਤ 01 ਅਕਤੂਬਰ ਅਤੇ 2 ਅਕਤੂਬਰ 2024 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਮਹਾਨ ਕੀਰਤਨ ਦਰਬਾਰ ਤੇ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਸਿੰਘ ਸਹਿਬਾਨ, ਸੰਤਾਂ ਮਹਾਂਪੁਰਸ਼ਾਂ ਅਤੇ ਗੁਰੂ ਘਰ ਦੇ ਕੀਰਤਨੀਆਂ ਨੇ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਉਪਰੰਤ ਲੌੜਵੰਦ ਬੀਬੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ। ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ (ਸੱਚਖੰਡ ਸ੍ਰੀ ਹਰਿਮੰਦਰ ਸਾਹਿਬ), ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਸਮੂੰਹ ਸਹਿਯੋਗੀਆਂ ਵੱਲੋਂ ਬੱਚਿਆਂ ਨੂੰ ਦਸਤਾਰਾਂ ਸਜਾਈਆਂ ਗਈਆਂ।































1-2. ਭਾਈ ਗੁਰਇਕਬਾਲ ਸਿੰਘ ਜੀ, ਭਾਈ ਹਰਵਿੰਦਰਪਾਲ ਸਿੰਘ ਜੀ ਲਿਟਲ, ਬਾਬਾ ਸੁਖਦੇਵ ਸਿੰਘ ਜੀ ਕਥਾ-ਕੀਰਤਨ ਕਰਦੇ ਹੋਏ, 3. ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁ: ਬੀਬੀ ਕੌਲਾਂ ਜੀ (ਕੌਲਸਰ) ਦੇ ਸਮੂਹ ਮੈਂਬਰ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋਏ, 4-5. ਭਾਈ ਸੁਖਜੀਤ ਸਿੰਘ ਜੀ (ਹਜੂਰੀ ਰਾਗੀ), ਭਾਈ ਗੁਰਸ਼ਰਨ ਸਿੰਘ ਜੀ (ਲੁਧਿਆਣੇ ਵਾਲੇ) ਕੀਰਤਨ ਕਰਦੇ ਹੋਏ, 6. ਬਾਬਾ ਜੋਗਾ ਸਿੰਘ ਜੀ ਪ੍ਰਵਚਨ ਕਰਦੇ ਹੋਏ, 7. ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ, 8. ਡਾ. ਇੰਦਰਬੀਰ ਸਿੰਘ ਜੀ ਨਿੱਜਰ (ਐੱਮ.ਐੱਲ.ਏ.), ਭਾਈ ਗੁਰਇਕਬਾਲ ਸਿੰਘ ਜੀ ਅਤੇ ਸਹਿਯੋਗੀ ਲੋੜਵੰਦ ਬੀਬੀਆਂ ਨੂੰ ਸਿਲਾਈ ਮਸ਼ੀਨਾਂ ਵੰਡਦੇ ਹੋਏ, 9-10. ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ, ਭਾਈ ਰਜਿੰਦਰ ਸਿੰਘ ਜੀ ਮਹਿਤਾ, ਭਾਈ ਅਮਰਬੀਰ ਸਿੰਘ ਢੋਟ, ਭਾਈ ਗੁਰਇਕਬਾਲ ਸਿੰਘ ਜੀ ਬੱਚਿਆਂ ਨੂੰ ਦਸਤਾਰਾਂ ਸਜਾਉਂਦੇ ਹੋਏ ਅਤੇ ਹੋਰ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-160ਵਾਂ (2024)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਸਭ ਤੋਂ ਲੰਮਾ ਸਮਾਂ ਤਕਰੀਬਨ 54 ਸਾਲ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕੌਣ ਰਿਹਾ? (ਧੰਨ ਭਾਈ ਮਰਦਾਨਾ ਜੀ) 5
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 11
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 13
- ਜ਼ਿੰਦਗੀ ਦੀਆਂ ਬਰੀਕੀਆਂ 14
- ਅਧਿਆਤਮਿਕ ਵਿਚਾਰਾਂ 16
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 17
- ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਹੋ ਜਾਈਏ, ਸਾਰੇ ਵਿਕਾਰ ਆਪੇ ਭੱਜ ਜਾਣਗੇ 20
- ਅਨਮੋਲ ਬਚਨ 27
- ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 28
- 400 ਸਾਲ ਗੁਰ ਇਤਿਹਾਸ ਦੇ ਨਾਲ 31
- दम बदम के दर्शन (साखी धन्य धन्य श्री गुरु नानक देव जी महाराज की) 33
- जिंदगी की बारीकियाँ 40
- Sacrifice unto True Devotees 42
- Visionary By Name, But Blind by Vision 47

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਸਿੱਖ ਇਤਿਹਾਸ ਤੇ ਜੇ ਨਜ਼ਰਸਾਨੀ ਕਰੀਏ ਤਾਂ ਇਸ ਦੇ ਗੌਰਵਮਈ ਸੁਨਹਿਰੀ ਪੰਨਿਆਂ ਵਿੱਚ ਸਿੱਖ ਬੀਬੀਆਂ ਦਾ ਪਾਵਨ ਜੀਵਨ ਪੜ੍ਹ ਕੇ, ਉਨ੍ਹਾਂ ਦੇ ਪਾਏ ਪੂਰਨਿਆਂ ਨੂੰ ਦੇਖ ਕੇ, ਉਨ੍ਹਾਂ ਦਾ ਗੁਰੂ ਚਰਨਾਂ ਪ੍ਰਤੀ ਪ੍ਰੇਮ ਦੇਖ ਕੇ ਮਨ ਸਹਿਜੇ ਹੀ ਮਾਣ ਨਾਲ ਭਰ ਜਾਂਦਾ ਹੈ। ਧੰਨ ਗੁਰੂ ਮਾਤਾ ਧੰਨ ਮਾਤਾ ਤ੍ਰਿਪਤਾ ਜੀ ਤੋਂ ਲੈ ਕੇ ਧੰਨ ਮਾਤਾ ਸਾਹਿਬ ਕੌਰ ਜੀ ਤੱਕ ਸਾਡੀਆਂ ਸਤਿਕਾਰਯੋਗ ਮਾਤਾਵਾਂ ਅਤੇ ਸਮੇਂ-ਸਮੇਂ ਤੇ ਸਿੱਖ ਪੰਥ ਨੂੰ ਆਪਣੇ ਗੁਣਾਂ ਨਾਲ, ਆਪਣੇ ਬਹਾਦਰੀ ਦੇ ਕਾਰਨਾਮਿਆਂ ਨਾਲ, ਆਪਣੀ ਭਗਤੀ ਦੇ ਅਭਿਆਸ ਨਾਲ ਸ਼ਿੰਗਾਰਨ ਵਾਲੀਆਂ ਸਤਿਕਾਰਯੋਗ ਬੀਬੀਆਂ ਅੱਜ ਧੰਨਤਾ ਦੀਆਂ ਪਾਤਰ ਹਨ ਤੇ ਉਨ੍ਹਾਂ ਦਾ ਜੀਵਨ ਵੇਖ ਕੇ ਸਾਡਾ ਸੀਸ ਉਨ੍ਹਾਂ ਦੇ ਚਰਨਾਂ ਤੇ ਸਹਿਜ ਸੁਭਾਅ ਹੀ ਨਤਮਸਤਕ ਹੋ ਜਾਂਦਾ ਹੈ। ਪਤਾ ਨਹੀਂ ਕਿੰਨੀ ਕਮਾਈ ਹੋਵੇਗੀ ਧੰਨ ਮਾਤਾ ਤ੍ਰਿਪਤਾ ਜੀ ਦੀ ਜਿਨ੍ਹਾਂ ਦੇ ਘਰ ਆਪ ਨਿਰੰਕਾਰ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਰੂਪ ਵਿੱਚ ਅਵਤਾਰ ਧਾਰਿਆ। ਕਿੰਨੀ ਬੰਦਗੀ, ਕਿੰਨੀ ਨਿਮਰਤਾ, ਕਿੰਨਾ ਸਹਿਜ, ਸਬਰ, ਸੰਤੋਖ ਦੇ ਮਾਲਕ ਹੋਣਗੇ ਧੰਨ ਮਾਤਾ ਤ੍ਰਿਪਤਾ ਜੀ। ਕਿੰਨੀ ਉਨ੍ਹਾਂ ਤੇ ਮਿਹਰ ਦੀ ਨਿਗ੍ਹਾ ਹੋਵੇਗੀ ਉਸ ਅਕਾਲ ਪੁਰਖ ਦੀ ਜਿਨ੍ਹਾਂ ਦੀ ਕੁੱਖ ਵਿੱਚੋਂ ਅਵਤਾਰ ਧਾਰ ਕੇ ਆਪ ਨਿਰੰਕਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉਨ੍ਹਾਂ ਦੀ ਗੋਦ ਵਿੱਚ ਬੈਠੇ, ਉਨ੍ਹਾਂ ਦੇ ਵਿਹੜੇ ਖੇਡੇ। ਪਤਾ ਨਹੀਂ ਕਿੰਨੀ ਕਿੰਨੀ ਵਾਰ ਉਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਕੀਤੇ ਹੋਣਗੇ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤਾਂ ਇੱਕ ਝਲਕ ਹੀ ਮਾਣ ਨਹੀਂ, ਉਨ੍ਹਾਂ ਦੀ ਤਾਂ ਇੱਕ ਖਿੰਨ ਦੀ ਨਦਰਿ ਸਾਰੇ ਪਾਪਾਂ ਨੂੰ ਸੁਆਹ ਕਰ ਸਕਦੀ ਹੈ, ਉਨ੍ਹਾਂ ਦੀ ਤਾਂ ਇੱਕ ਖਿੰਨ ਦੀ ਨਦਰਿ ਸੱਚਖੰਡ ਦਾ ਵਾਸੀ ਬਣਾ ਸਕਦੀ ਹੈ, ਉਨ੍ਹਾਂ ਦੀ ਇੱਕ ਖਿੰਨ ਦੀ ਨਦਰਿ ਆਵਾਗਵਣ ਦੇ ਚੱਕਰ ਤੋਂ ਮੁਕਤ ਕਰ ਸਕਦੀ ਹੈ ਪਰ ਸਾਡੇ ਸਤਿਕਾਰਯੋਗ ਮਾਤਾ, ਧੰਨ ਮਾਤਾ ਤ੍ਰਿਪਤਾ ਜੀ ਕੈਸੀ ਨਦਰਿ ਦੇ ਪਾਤਰ ਹੋਣਗੇ, ਜਿਨ੍ਹਾਂ ਦੀਆਂ ਅੱਖਾਂ ਸਾਹਮਣੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਨੇਕਾਂ ਚੋਜ ਵਰਤਾਏ।

ਇਹ ਪਿਆਰ ਦੀ ਗੱਲ ਹੈ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਰਿਝਾਉਣਾ ਹੋਵੇ, ਉਨ੍ਹਾਂ ਦੇ ਚਰਨਾਂ ਵਿੱਚ ਬੇਨਤੀ ਕਰਨੀ ਹੋਵੇ ਤੇ ਧੰਨ ਮਾਤਾ ਤ੍ਰਿਪਤਾ ਜੀ ਨੂੰ ਵਿਚੋਲਾ ਬਣਾ ਲਈਏ। ਉਨ੍ਹਾਂ ਦੇ ਚਰਨਾਂ ਵਿੱਚ ਆਪਣੀ ਬੇਨਤੀ ਲਗਾਈਏ। ਆਪਣੇ ਮਾਤਾ ਜੀ ਦੀ ਗੱਲ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਦੀ ਨਹੀਂ ਮੋੜਨਗੇ।

ਧੰਨ ਮਾਤਾ ਤ੍ਰਿਪਤਾ ਜੀ ਨੇ ਗ੍ਰਿਹਸਥੀ ਧਰਮ ਵਿੱਚ ਰਹਿੰਦਿਆਂ ਆਪਣੇ ਗ੍ਰਿਹਸਥੀ ਦੇ ਫਰਜ਼ਾਂ ਨੂੰ ਵੀ ਪੂਰਾ ਨਿਭਾਇਆ ਤੇ ਜਦੋਂ ਕਿਤੇ ਵੀ ਪਿਤਾ ਜੀ ਵੱਲੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪ੍ਰਤੀ ਕਦੀ ਨਰਾਜ਼ਗੀ ਦੀ ਗੱਲ ਉੱਠਦੀ ਤਾਂ ਉਹ ਪੁੱਤਰ ਮੋਹ ਵਿੱਚ ਆ ਕੇ ਆਪਣੇ ਤੇ ਝਿੜਕਾਂ ਸਹਾਰ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤਰਫਦਾਰੀ ਕਰਦੇ। ਧੰਨ ਮਾਤਾ ਤ੍ਰਿਪਤਾ ਜੀ ਦੇ ਜਨਮ ਜਾਂ ਉਨ੍ਹਾਂ ਦੇ ਬਾਕੀ ਜੀਵਨ ਬਾਰੇ ਕੋਈ ਬਹੁਤੇ ਜ਼ਿਆਦਾ ਹਵਾਲੇ ਨਹੀਂ ਮਿਲਦੇ ਪਰ ਸਾਡੇ ਲਈ ਇੰਨਾ ਹੀ ਕਾਫੀ ਹੈ ਕਿ ਧੰਨ ਮਾਤਾ ਤ੍ਰਿਪਤਾ ਜੀ ਸਾਡੇ ਸਭ ਤੋਂ ਪਹਿਲੇ ਸਤਿਕਾਰਯੋਗ ਮਾਤਾ ਜੀ ਹਨ ਜਿਨ੍ਹਾਂ ਰਾਹੀਂ ਇਸ ਸੰਸਾਰ ਦੇ ਕਲਿਆਣ ਹਿਤ, ਧਰਤੀ ਤੇ ਹੋ ਰਹੇ ਅਧਰਮ ਕਾਰਜਾਂ ਦਾ ਨਾਸ ਕਰਨ ਹਿਤ, ਇਸ ਤਪਦੀ ਹੋਈ ਲੋਕਾਈ ਦੀ ਤ੍ਰਿਖਾ ਸ਼ਾਂਤ ਕਰਨ ਲਈ ਤੇ ਸਭ ਤੋਂ ਵੱਡੀ ਗੱਲ ਸਾਨੂੰ ਧੁਰ ਕੀ ਬਾਣੀ ਦਾ ਖਜ਼ਾਨਾ ਦੇਣ ਲਈ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਵਤਾਰ ਧਾਰਿਆ ਤੇ ਜਿੱਥੋਂ ਫਿਰ ਸਿੱਖ ਪੰਥ ਦੀ ਸਿਰਜਨਾ ਹੋਈ। ਆਓ ਐਸੇ ਸਤਿਕਾਰਯੋਗ ਮਾਤਾ ਜੀ ਦੇ ਚਰਨਾਂ ਤੇ ਨਤਮਸਤਕ ਹੁੰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਚੱਲਣ ਦਾ ਯਤਨ ਕਰੀਏ ਤਾਂ ਕਿ ਸਾਡਾ ਲੋਕ ਸੁਖੀ ਤੇ ਪਰਲੋਕ ਸੁਹੇਲਾ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਸਭ ਤੋਂ ਲੰਮਾ ਸਮਾਂ ਤਕਰੀਬਨ 54 ਸਾਲ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਕੌਣ ਰਿਹਾ? (ਧੰਨ ਭਾਈ ਮਰਦਾਨਾ ਜੀ)

VCD 529

## ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—''ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਭਾਈ ਮਰਦਾਨਾ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*—ਸੰਪਾਦਕ*

ਅੱਜ ਉਸ ਰੰਗੀ ਰੂਹ ਦੇ ਦਰਸ਼ਨ ਕਰਨੇ ਹਨ ਜਿਨ੍ਹਾਂ ਨੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਚਰਨਾਂ ਵਿੱਚ ਆਪਣਾ ਜੀਵਨ ਲੇਖੇ ਲਗਾ ਦਿੱਤਾ। ਬੜੀ ਰੰਗੀ ਰੂਹ, ਪਿਆਰ ਵਾਲੇ ਭਾਈ ਮਰਦਾਨਾ ਜੀ। ਬਾਬਾ ਨਾਨਕ ਜੀ ਦੇ ਕੀਰਤਨੀਏ, ਰਬਾਬੀ। ਪਹਿਲਾਂ ਸ਼ਬਦ ਦੀ ਹਾਜ਼ਰੀ, ਸਾਰੇ ਕਿਰਪਾ ਕਰੋ:

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।*
*ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।*
*ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।*
*ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।*
*ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।*
*ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥*

*(ਵਾਰ ੧੯, ਪਉੜੀ ੧੨)*

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

***ਧੰਨ ਭਾਈ ਮਰਦਾਨਾ ਜੀ।***

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ਕ। ਬਾਬਾ ਜੀ ਦਾ ਪਿਆਰ ਵਾਲਾ। ਕਿਉਂਕਿ ਬਾਬਾ ਜੀ ਦਾ ਪ੍ਰਕਾਸ਼ ਦਿਵਸ ਮਨਾ ਰਹੇ ਹਾਂ ਤੇ ਦਾਸ ਨੇ ਸੋਚਿਆ ਕਿ ਗੱਲ ਰਲ ਜਾਵੇਗੀ। ਥੋੜ੍ਹਾ-ਥੋੜ੍ਹਾ ਸਬਜੈਕਟ ਨਾਲ ਰਲ ਜਾਵੇ, ਹੋਰ ਅਨੰਦ ਵੱਧ ਜਾਂਦਾ ਹੈ। ਸਿਰ ਤੇ ਹੱਥ ਰੱਖਣਾ। ਇਸ ਅੰਕ ਵਿੱਚ ਭਾਈ ਮਰਦਾਨਾ ਜੀ, ਗੁਰੂ ਸਾਹਿਬ ਦੇ ਪਿਆਰੇ, ਅੱਜ

ਉਨ੍ਹਾਂ ਦੇ ਦਰਸ਼ਨ ਦੀਦਾਰੇ ਕਰਨੇ ਹਨ। ਉਨ੍ਹਾਂ ਦੀਆਂ ਕਿਆ ਬਾਤਾਂ ਸਨ। ਆਓ ਜੀ, ਇੱਕ ਵਾਰੀ ਸਾਰੀ ਸੰਗਤ ਕਿਰਪਾ ਕਰਨਾ ਜੀ :

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।***

ਭਾਈ ਮਰਦਾਨਾ ਜੀ ਦਾ ਜਨਮ ਤਲਵੰਡੀ ਵਿਖੇ ਹੋਇਆ। ਭਾਈ ਮਰਦਾਨਾ ਜੀ ਦੇ ਮਾਤਾ ਜੀ ਦਾ ਨਾਂ, ਮਾਤਾ ਲੱਖੋ ਜੀ। ਪਿਤਾ ਜੀ ਦਾ ਨਾਂ, ਬਦਰਾ ਜੀ। ਔਰ ਸੰਗਤ ਜੀ, ਇੱਥੇ ਸਿਰ ਝੁਕੇਗਾ, ਜਿਹੜੇ ਭਾਈ ਮਰਦਾਨਾ ਜੀ ਦੇ ਮਾਤਾ ਜੀ ਹੋਏ ਹਨ, ਦਾਸ ਤਿੰਨ-ਚਾਰ ਰਾਈਟਰਾਂ ਨੂੰ ਪੜ੍ਹ ਕੇ ਦੱਸ ਰਿਹਾ ਹੈ ਤਾਂ ਕਿ ਗਲਤ ਨਾ ਹੋ ਜਾਵੇ। ਉਨ੍ਹਾਂ ਦੇ ਘਰ ਛੇ ਬੱਚਿਆਂ ਨੇ ਜਨਮ ਲਿਆ ਹੈ, ਸਾਧ ਸੰਗਤ ਜੀ, ਛੇ ਦੇ ਛੇ ਹੀ ਗੁਜ਼ਰ ਗਏ, ਚੜ੍ਹਾਈ ਕਰ ਗਏ। ਲਿਖਤਾਂ ਵਿੱਚ ਇਹ ਲਿਖਿਆ ਹੈ ਕਿ ਛੇ ਬੱਚਿਆਂ ਨੇ ਜਨਮ ਲਿਆ ਹੈ ਤੇ ਛੇ ਦੇ ਛੇ ਗੁਜ਼ਰ ਗਏ, ਇਹ ਸੱਤਵੇਂ ਹੋਏ ਹਨ, ਭਾਈ ਮਰਦਾਨਾ ਜੀ। ਔਰ ਜਦੋਂ ਜਨਮ ਹੋਇਆ, ਮਾਂ ਨੇ ਨਾਂ ਰੱਖ ਦਿੱਤਾ, ਮਰਜਾਣਾ। ਫਿਰ ਜਦੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੇਲ ਹੋਇਆ ਤੇ ਸਤਿਗੁਰੂ ਜੀ ਕਹਿੰਦੇ, ਮਾਤਾ, ਇਸ ਦਾ ਨਾਂ ਕੀ ਰੱਖਿਆ ਹੈ? ਉਹ ਅੱਗੋਂ ਕਹਿਣ ਲੱਗੇ, ਅੱਗੇ ਛੇ ਬੱਚੇ ਚੜ੍ਹਾਈ ਕਰ ਗਏ ਹਨ, ਉਨ੍ਹਾਂ ਦਾ ਨਾਂ ਲੈ ਕੇ ਕਈ ਵਾਰੀ ਰੋਂਦੀ ਹਾਂ, ਇਸ ਦਾ ਨਾਂ ਹੀ ਨਾ ਲੈਣਾ ਪਵੇ, ਇਸ ਦਾ ਨਾਂ ਮੈਂ ਮਰਜਾਣਾ ਰੱਖਿਆ ਹੈ ਕਿਉਂਕਿ ਇਸ ਨੇ ਵੀ ਮਰ ਹੀ ਜਾਣਾ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮੁੱਖ ਵਿੱਚੋਂ ਬਚਨ ਨਿਕਲਿਆ, ਮਾਤਾ ਲੱਖੋ ਜੀ, ਤੁਸੀਂ ਇਸ ਦਾ ਨਾਂ ਮਰਜਾਣਾ ਰੱਖਿਆ ਹੈ ਪਰ ਮੈਂ ਇਸ ਦਾ ਨਾਂ ਰੱਖਣਾ ਹੈ, ਮਰਦਾ ਨਾ। ਮਰਦਾਨਾ ਲਫਜ਼ ਦੇ ਪਹਿਲੇ ਤਿੰਨ ਲਫਜ਼ ਵੱਖਰੇ ਕਰ ਦਿਓ ਤੇ ਅਖੀਰਲਾ ਨਾਂ ਵੱਖਰਾ ਕਰ ਦਿਓ। ਉਨ੍ਹਾਂ ਰੱਖਿਆ ਹੈ, ਮਰਜਾਣਾ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਮੈਂ ਇਸ ਦਾ ਨਾਂ ਰੱਖਦਾ ਹਾਂ, ਮਰਦਾ ਨਾ। ਪੂਰਾ ਕਰ ਲਓ, ਮਰਦਾਨਾ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ, ਮਾਤਾ ਲੱਖੋ, ਇਸ ਦਾ ਨਾਂ ਰੱਖਦਾ ਹਾਂ, ਮਰਦਾ ਨਾ। ਰਹਿੰਦੀ ਦੁਨੀਆਂ ਤੱਕ, ਇਸ ਦਾ ਨਾਂ ਰਹੇਗਾ, ਇਹ ਮਰੇਗਾ ਹੀ ਨਹੀਂ।

***ਜਿਨ ਕਉ ਨਦਰਿ ਕਰਮੁ ਤਿਨ ਕਾਰ॥***
***ਨਾਨਕ ਨਦਰੀ ਨਦਰਿ ਨਿਹਾਲ॥੩੮॥***

*(ਅੰਗ ੮)*

***ਮੌਜ ਮੇਂ ਅਗਰ ਆ ਗਏ,***
***ਕਤਰੇ ਸੇ ਦਰਿਆ ਕਰ ਦੀਆ।***
***ਨਦਰਿ-ਏ-ਰਹਿਮਤ ਜਿਸ ਪਰ ਪੜੀ,***
***ਬੰਦੇ ਸੇ ਖੁਦਾ ਕਰ ਦੀਆ।***

ਇਹ ਪਉੜੀ ਜਪੁ ਜੀ ਸਾਹਿਬ ਦੀ ਹੈ, ਕਿੰਨੀਆਂ ਡੂੰਘੀਆਂ ਇਸ ਦੀਆਂ ਬਾਤਾਂ ਹਨ :

***ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥***
***ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥***

*(ਅੰਗ ੨)*

ਆਰਜਾ ਕਹਿੰਦੇ ਹਨ, ਉਮਰ ਨੂੰ। ਆਮ ਉਮਰ ਸੌ ਦੇ ਲਾਗੇ ਚਾਗੇ ਹੈ ਪਰ ਕਈ ਪੰਜਾਹ ਦੀ ਉਮਰ ਵਿੱਚ ਵੀ ਚੜ੍ਹਾਈ ਕਰ ਜਾਂਦੇ ਹਨ, ਕਈ ਸੱਠ ਸਾਲ ਦੀ ਉਮਰ ਵਿੱਚ ਵੀ ਚੜ੍ਹਾਈ ਕਰ ਜਾਂਦੇ ਹਨ ਪਰ ਸਤਿਗੁਰੂ ਜੀ ਕਹਿੰਦੇ ਹਨ, ਇੱਕ ਯੁੱਗ ਕਿੰਨਾ ਵੱਡਾ ਹੁੰਦਾ ਹੈ ਤੇ ਇੱਕ ਯੁੱਗ, ਕਿਸੇ ਦੀ ਉਮਰ ਚਾਰ ਯੁੱਗ ਹੋਵੇ। ਹੁਣ ਇਸ ਚਾਰ ਯੁੱਗ ਨੂੰ ਦਸ ਨਾਲ ਗੁਣਾਂ ਦੇ ਦਿਓ। ਕਿਸੇ ਦੀ ਉਮਰ ਚਾਲੀ ਯੁੱਗ ਹੋਵੇ। ਫਿਰ ਕਹਿੰਦੇ:

***ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥***

*(ਅੰਗ ੨)*

ਨਵਾਂ ਖੰਡਾਂ ਵਿੱਚ ਉਸ ਦੀ ਚਲਦੀ ਹੋਵੇ, ਫਿਰ

ਮਹਾਰਾਜ ਜੀ ਕਹਿੰਦੇ ਹਨ:

**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥**

*(ਅੰਗ ੨)*

ਚੰਗਾ ਨਾਂ ਰੱਖਦਾ ਹੋਵੇ। ਕੀ ਇੱਥੇ ਤੁਹਾਡਾ ਸਿਰ ਨਹੀਂ ਝੁਕੇਗਾ। ਅੱਗੋਂ ਕੀ ਕਹਿੰਦੇ ਹਨ, ਮਹਾਰਾਜ ਜੀ:

***ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥***

*(ਅੰਗ ੨)*

ਇੱਕ ਉਸ ਦੀ ਨਦਰਿ ਉੱਠ ਜਾਵੇ ਤੇ ਕਹਿੰਦੇ, ਇੰਨਾ ਕੁਝ ਹੁੰਦਿਆਂ ਵੀ ਬੰਦਾ ਜ਼ੀਰੋ ਹੋ ਜਾਂਦਾ ਹੈ। ਇਹ ਚੀਜ਼ ਭਰੋ। ਇੱਕ ਦਿਨ, ਜਿੰਨਾ ਨਿਤਨੇਮ ਗੁਰੂ ਸਾਹਿਬ ਕਰਵਾਉਂਦੇ ਹਨ ਤੇ ਇੱਕ ਦਿਨ ਨਿਤਨੇਮ ਗੁਰੂ ਸਾਹਿਬ ਨੇ ਵੱਧ ਕਰਵਾ ਲਿਆ। ਕਈ ਵਾਰੀ ਗੁਰੂ ਸਾਹਿਬ ਮੌਜ ਵਿੱਚ ਆ ਜਾਣ ਤੇ ਵੱਧ ਨਿਤਨੇਮ ਕਰਵਾ ਲੈਂਦੇ ਹਨ। ਨੌਂ-ਸਾਢੇ ਨੌਂ ਦਾਸ ਹੁਕਮਨਾਮਾ ਲੈਂਦਾ ਹੈ, ਘਰ ਆਪਣੇ, ਸਤਿਗੁਰੂ ਜੀ ਦੇ ਤਾਬਿਆ ਬੈਠ ਕੇ ਰੁਮਾਲਾ ਸਤਿਕਾਰ ਨਾਲ ਲਾਹਿਆ ਤੇ ਫਿਰ ਦਾਸ ਸਾਰੇ ਅੰਗ ਇਧਰ ਕਰ ਲਏ। ਆਪਣੀ ਅਗਵਾਈ ਲੈਣੀ ਹੁੰਦੀ ਹੈ। ਜਿੱਥੇ ਫਿਰ ਅੰਗੂਠਾ ਸਤਿਗੁਰੂ ਜੀ ਲੈ ਆਉਣ, ਖੱਬੇ ਹੱਥ ਵਾਲੇ ਪਾਸੇ ਜਿਹੜਾ ਹੁਕਮਨਾਮਾ ਉੱਤੋਂ ਆ ਰਿਹਾ ਹੈ, ਅੱਧਾ ਪਿੱਛੋਂ ਤੇ ਅੱਧਾ ਉੱਤੋਂ ਆ ਰਿਹਾ ਹੈ। ਜਦੋਂ ਕੁਝ ਅੰਗ ਖੱਬੇ ਪਾਸੇ ਕੀਤੇ ਹਨ ਤੇ ਸਾਹਮਣੇ ਜੇ 704 ਅੰਗ ਆ ਗਿਆ ਹੈ ਤੇ ਨਾਲ 705 ਅੰਗ ਹੈ। 703 ਤੋਂ ਹੁਕਮਨਾਮਾ ਆ ਰਿਹਾ ਹੈ ਤੇ 704 ਤੇ ਸਮਾਪਤ ਹੋ ਰਿਹਾ ਹੈ, ਉਹ ਸਾਡੀ ਅਗਵਾਈ ਹੁੰਦੀ ਹੈ, ਉਹ ਸਾਡਾ ਜਵਾਬ। ਪੁਰਾਤਨ ਗੁਰਸਿੱਖ, ਇਸ ਤਰ੍ਹਾਂ ਹੀ ਅਗਵਾਈ ਲੈਂਦੇ ਸਨ। ਜਦੋਂ ਦਾਸ ਤਾਬਿਆ ਬੈਠਾ ਤੇ ਅੰਦਰ ਇਹੀ ਸੀ ਅੱਜ ਬਾਬਾ ਜੀ ਨੇ ਨਿਤਨੇਮ ਵੱਧ ਕਰਾਇਆ ਹੈ, ਗੱਲ ਹੀ ਕੋਈ ਨਹੀਂ। ਜਦੋਂ ਦਾਸ ਇੰਝ ਅਗਵਾਈ ਲੈਣ ਲੱਗਾ ਤੇ ਹੁਕਮਨਾਮਾ ਆ ਗਿਆ:



ਧੰਨ ਭਾਈ ਮਰਦਾਨਾ ਜੀ

***ਪਾਠੁ ਪੜਿਓ ਅਰੁ ਬੇਦੁ ਬੀਚਾਰਿਓ***
***ਨਿਵਲਿ ਭੁਅੰਗਮ ਸਾਧੇ॥***
***ਪੰਚ ਜਨਾ ਸਿਉ ਸੰਗੁ ਨ ਛੁਟਕਿਓ***
***ਅਧਿਕ ਅਹੰਬੁਧਿ ਬਾਧੇ॥੧॥***

*(ਅੰਗ ੬੪੧)*

ਸਿੱਧੀ ਜਿਵੇਂ, ਤਾੜ ਚਪੇੜ ਪਈ। ਤੂੰ ਜਿੰਨੇ ਮਰਜ਼ੀ ਪਾਠ ਕਰ ਲੈ, ਨਦਰਿ ਨਾ ਭੁੱਲ ਜਾਵੀਂ। ਗੱਲ ਨੂੰ ਸਮਝਣਾ। ਇਹ ਜਿਹੜੀ ਪਉੜੀ ਹੈ:

***ਜੇ ਜੁਗ ਚਾਰੇ ਆਰਜਾ ਹੋਰ***
***ਦਸੂਣੀ ਹੋਇ॥***

*(ਅੰਗ ੨)*

ਇਹ ਪਉੜੀ ਕੀ ਸਿਖਾਉਂਦੀ ਹੈ? ਇਹੀ ਚਾਲੀ ਯੁੱਗ ਕਿਸੇ ਦੀ ਉਮਰ ਹੋ ਜਾਵੇ, ਨਵਾਂ ਖੰਡਾਂ ਵਿੱਚ ਉਸ ਦਾ ਸਤਿਕਾਰ ਹੋਵੇ, ਉਹ ਅਵਾਜ਼ ਦੇਵੇ, ਹਰ ਸ੍ਰਿਸ਼ਟੀ ਦਾ ਦੇਵੀ-ਦੇਵਤਾ ਉਸ ਨਾਲ ਚਲੇ, ਜਗਤ ਵਿੱਚ ਚੰਗਾ ਨਾਂ ਹੋਵੇ ਪਰ ਮਹਾਰਾਜ ਜੀ ਕਹਿੰਦੇ, ਇੱਕ ਜੇ ਉਸ ਦੀ ਨਦਰਿ ਨਾ ਹੋਵੇ, ਸਾਧ ਸੰਗਤ ਜੀ, ਉਸ ਦੀ

ਨਦਰਿ ਖਤਮ ਹੋ ਜਾਵੇ, ਕੋਈ ਵਾਤ ਵੀ ਨਹੀਂ ਪੁੱਛਦਾ। ਡੱਟ ਕੇ ਨਿਤਨੇਮ ਗੁਰੂ ਸਾਹਿਬ ਕਰਵਾ ਲੈਣ ਪਰ ਨਿਮਾਣੇ ਹੋ ਕੇ ਇਹੀ ਕਹਿਣਾ ਹੈ, ਇਸ ਨਿਤਨੇਮ ਤੇ ਵੀ ਮੋਹਰ ਤਾਂ ਹੀ ਲਗਣੀ ਹੈ, ਜੇ ਤੇਰੀ ਨਦਰਿ ਹੋਵੇਗੀ। ਤੇਰੀ ਨਦਰਿ ਬਿਨਾਂ ਕੁਝ ਨਹੀਂ।

*ਜਿਨ ਕਉ ਨਦਰਿ ਕਰਮੁ ਤਿਨ ਕਾਰ ॥*
*ਨਾਨਕ ਨਦਰੀ ਨਦਰਿ ਨਿਹਾਲ ॥੩੮॥*

*(ਅੰਗ ੮)*

ਗੱਲ ਪੂਰੀ ਹੋ ਜਾਵੇ। ਘਰ ਤਾਬਿਆ ਬੈਠ ਕੇ ਇੰਝ ਅਗਵਾਈ ਲਈਦੀ ਹੈ ਤੇ ਜੇ ਤਾੜਨਾ ਵਾਲਾ ਹੁਕਮਨਾਮਾ ਆ ਜਾਵੇ ਤੇ ਫਿਰ ਅਸੀਂ ਤਿੰਨ ਵਾਰੀ ਬੇਨਤੀ ਕਰ ਸਕਦੇ ਹਾਂ। ਸਖਤ ਹੁਕਮਨਾਮਾ ਆ ਗਿਆ, ਫਿਰ ਬੇਨਤੀ ਕੀਤੀ, ਮਹਾਰਾਜ ਜੀ, ਖੁਸ਼ੀਆਂ ਬਖਸ਼ੋ। ਕ੍ਰਿਪਾ ਕਰੋ, ਫਿਰ ਸਾਰੇ ਅੰਗ ਇੱਕ ਪਾਸੇ ਕੀਤੇ ਤੇ ਜਦੋਂ ਹੁਕਮਨਾਮਾ ਲਿਆ ਤੇ ਹੁਕਮਨਾਮਾ ਆ ਗਿਆ :

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*

*(ਅੰਗ ੬੬੧)*

ਦਾਸ ਨੇ ਸੋਚਿਆ ਕਿ ਅੰਦਰ ਜ਼ਿਆਦਾ ਹੀ ਮੈਂ ਆ ਗਈ ਹੈ। ਬਾਬਾ ਜੀ ਕਹਿੰਦੇ, ਲੱਗਾ ਰਹਿ ਆਪਣੇ ਵਿੱਚ। ਬਾਬਾ ਜੀ ਪੂਰੀ ਮੈਂ ਕੱਢ ਦਿੰਦੇ ਹਨ। ਹੁਣ ਇਕੋ ਚਾਂਸ ਰਹਿ ਗਿਆ ਸੀ। ਦਾਸ ਨੇ ਵਾਰ-ਵਾਰ ਬੇਨਤੀਆਂ ਕੀਤੀਆਂ। ਦਾਸ ਨੇ ਕਿਹਾ, ਕ੍ਰਿਪਾ ਕਰੋ, ਮਹਾਰਾਜ ਜੀ, ਆਪ ਜੀ ਦੇ ਹੀ ਹਾਂ। ਕੋਈ ਹੋਰ ਆਸਰਾ ਨਹੀਂ। ਫਿਰ ਸਾਰੇ ਅੰਗ ਇਧਰ ਕੀਤੇ, ਫਿਰ ਹੁਕਮਨਾਮਾ ਆਇਆ:

*ਗੁਰੁ ਪੂਰਾ ਭੇਟਿਓ ਵਡਭਾਗੀ*
*ਮਨਹਿ ਭਇਆ ਪਰਗਾਸਾ ॥*
*ਕੋਇ ਨ ਪਹੁਚਨਹਾਰਾ ਦੂਜਾ*
*ਅਪੁਨੇ ਸਾਹਿਬ ਕਾ ਭਰਵਾਸਾ ॥੧॥*

*(ਅੰਗ ੬੦੯)*

ਜਦੋਂ ਇਹ ਹੁਕਮਨਾਮਾ ਉਨ੍ਹਾਂ ਨੇ ਦੇ ਦਿੱਤਾ, ਫਿਰ ਇੱਕ ਮਨ ਅੰਦਰ ਇਹੋ ਜਿਹੀ ਵਿਲ ਪਾਵਰ ਆ ਜਾਂਦੀ ਹੈ, ਕੋਈ ਵੀ ਅੱਜ ਤੇਰਾ ਵਾਲ ਵਿੰਗਾ ਨਹੀਂ ਕਰ ਸਕਦਾ, ਹੁਣ ਗੁਰੂ ਕਲਗੀਧਰ ਪਿਤਾ ਜੀ ਨੇ ਮੋਹਰ ਲਗਾ ਦਿੱਤੀ ਹੈ। ਅੱਜ ਤੁਸੀਂ ਯਾਦ ਕਰ ਰਹੇ ਹੋ ਤੇ ਬਾਬਾ ਜੀ, ਇੱਥੋਂ ਗਏ ਨਹੀਂ ਹਨ। ਹੈ ਹੀ ਹਨ। ਹੁਣ ਥੋੜ੍ਹਾ ਜਿਹਾ ਪਿਆਰ ਸੁਣਿਓ, ਇਹ ਭਾਈ ਮਰਦਾਨਾ ਜੀ ਦੇ ਜੀਵਨ ਤੇ ਗੁਣਾਂ ਤੇ ਵਿਚਾਰ ਦੀ ਸ਼ੁਰੂਆਤ ਹੋਈ ਹੈ। ਭਾਈ ਮਰਦਾਨਾ ਜੀ ਦੀ ਪਹਿਲੀ ਵੱਡੀ ਵਿਸ਼ੇਸ਼ਤਾ ਅੱਗੇ ਸਿਰ ਝੁਕਾਇਓ। ਭਾਈ ਮਰਦਾਨਾ ਜੀ ਇੰਨੀ ਵੱਡੀ ਸ਼ਖਸੀਅਤ ਹੋਏ ਹਨ, ਸਿੱਖ ਪੰਥ ਦੇ ਪਹਿਲੇ ਕੀਰਤਨੀਏ ਹੋਏ ਹਨ। ਜਦੋਂ ਦਾਸ ਪੜ੍ਹ ਰਿਹਾ ਸੀ, ਸਿੱਖ ਪੰਥ ਦੇ ਪਹਿਲੇ ਕੀਰਤਨੀਏ ਹੋਏ ਹਨ। ਨਾਲ ਹੀ ਅਗਲੀ ਗੱਲ ਆ ਗਈ, ਦਾਸ ਨੇ ਸੋਚਿਆ ਕਿ ਸਾਡੇ ਤੋਂ ਗੁਰੂ ਸਾਹਿਬ ਕੀਰਤਨ ਦੀ ਸੇਵਾ ਲੈਂਦੇ ਹਨ ਤੇ ਇਸ ਦਾ ਮਤਲਬ ਇਹ ਹੋ ਗਿਆ ਕਿ ਭਾਈ ਮਰਦਾਨਾ ਜੀ ਸਾਡੇ ਵੀ ਪਿਤਾਮਾ ਹਨ। ਸਾਰੇ ਕੀਰਤਨੀਆਂ ਦੇ ਪਿਤਾਮਾ ਹਨ, ਸਾਰੇ ਕੀਰਤਨੀਆਂ ਦੇ ਮੁਖੀ ਹਨ। ਜੇ ਇਸ ਨੂੰ ਬਰੀਕੀ ਵਿੱਚ ਲੈ ਜਾਓਗੇ ਤੇ ਤੁਹਾਨੂੰ ਇੰਨਾ ਪਿਆਰ ਇੱਕ ਵਾਰੀ ਆ ਜਾਵੇਗਾ, ਇੱਥੋਂ ਤੱਕ ਕਹੋਗੇ ਕਿ ਭਾਈ ਮਰਦਾਨਾ ਜੀ ਨੂੰ ਵਿਚੋਲਾ ਪਾ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਕੁਝ ਵੀ ਮੰਗ ਲਈਏ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਨਾਂਹ ਹੋਣੀ ਹੀ ਨਹੀਂ। ਪਿਆਰ ਦੀ ਗੱਲ ਹੈ। ਮੁਹਬੱਤ ਦੀ ਗੱਲ ਹੈ। ਸਾਰੇ ਕੀਰਤਨੀਆਂ ਦੇ ਪਿਤਾਮਾ, ਸਾਰੇ ਕੀਰਤਨੀਆਂ ਦੇ ਮੁਖੀ ਤੇ ਸਿੱਖ ਪੰਥ ਦੇ ਪਹਿਲੇ ਕੀਰਤਨੀਏ, ਧੰਨ ਧੰਨ ਭਾਈ ਮਰਦਾਨਾ ਜੀ। ਇਹ ਨਾਲ ਨਾਲ ਕਿਰਪਾ ਕਰੋ ਜੀ। ਪਹਿਲੀ ਵਿਸ਼ੇਸ਼ਤਾ ਸ਼ੁਰੂ ਕੀਤੀ

ਹੈ। ਸਾਰੇ ਪੜ੍ਹੋ ਪਿਆਰ ਨਾਲ :

***ਰਾਜ ਲੀਲਾ ਤੇਰੈ ਨਾਮਿ ਬਨਾਈ ॥***
***ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥***

*(ਅੰਗ ੩੮੫)*

ਅਗਰ ਆਪਣੇ ਬੱਚੇ ਨੂੰ ਕੀਰਤਨੀਆ ਬਣਾ ਸਕੋ, ਤਾਂ ਪਿਛੇ ਨਾ ਹੱਟਣਾ। ਜੇ ਉਨ੍ਹਾਂ ਦਾ ਟਾਈਮ ਲੰਘ ਗਿਆ ਹੈ, ਤਾਂ ਪੋਤਰਿਆਂ ਨੂੰ ਬਣਾ ਦਿਓ। ਨਿਸ਼ਕਾਮ ਬਣਾਉਣਾ, ਮਾਇਆ ਵਾਲਾ ਨਾ ਬਣਾਉਣਾ। ਇਹੋ ਜਿਹਾ ਬਣਾਇਓ ਕਿ ਆਪਣੇ ਘਰ ਆਸਾ ਜੀ ਦੀ ਵਾਰ ਦੇ ਛੇ ਛੱਕੇ ਲਗਾਵੇ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰਿਝਾਵੇ। ਇਸ ਦੀ ਕਿੰਨੀ ਵੱਡੀ ਵਡਿਆਈ ਹੈ :

***ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥***
***ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥੨॥***

*(ਅੰਗ ੧੯੦)*

***ਰਾਜ ਲੀਲਾ ਤੇਰੈ ਨਾਮਿ ਬਨਾਈ ॥***
***ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥***

*(ਅੰਗ ੩੮੫)*

***ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ ॥***
***ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥***
***ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ ॥***
***ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ ॥***
***ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ ॥੧੮॥***

*(ਅੰਗ ੫੧੬)*

ਇਹ ਵੇਖੋ, ਦਰਸ਼ਨ ਹੋ ਰਹੇ ਹਨ, ਭਾਈ ਮਰਦਾਨਾ ਜੀ ਦੇ। ਇਹ ਹਨ, ਗੁਰੂ ਸਾਹਿਬ ਦੇ ਢਾਡੀ :

***ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋਡੇ ॥***
***ਨਾਨਕ ਮਨਿ ਤਨਿ ਚਾਉ ਏਹੁ***
***ਨਿਤ ਪ੍ਰਭ ਕਉ ਲੋੜੇ ॥੨੧॥੧॥***

*(ਅੰਗ ੩੨੩)*

ਭਾਈ ਮਰਦਾਨਾ ਜੀ ਦਾ ਪ੍ਰਸੰਗ ਪੂਰੀ ਭਾਵਨਾ ਨਾਲ ਪੜ੍ਹਨਾ। ਦਾਸ ਨੇ ਬੜੇ ਇਤਿਹਾਸਕਾਰਾਂ ਨੂੰ ਪੜ੍ਹਿਆ ਹੈ ਤੇ ਦਾਸ ਤਾਂ ਦੱਸ ਰਿਹਾ ਹੈ। ਜਦੋਂ ਵੇਈਂ ਨਦੀ ਵਿੱਚ ਚੁੱਭੀ ਮਾਰੀ ਤੇ ਸਤਿਗੁਰੂ ਜੀ ਤਿੰਨ ਦਿਨ ਅਲੋਪ ਰਹੇ, ਜਦੋਂ ਵਾਪਸ ਆਏ ਹਨ ਤੇ ਭਾਈ ਮਰਦਾਨਾ ਜੀ ਨੇ ਉਲਾਂਭਾ ਦਿੱਤਾ ਹੈ ਕਿ ਮੈਨੂੰ ਨਾਲ ਕਿਉਂ ਨਹੀਂ ਲੈ ਕੇ ਗਏ। ਸਤਿਗੁਰੂ ਜੀ ਕਹਿੰਦੇ, ਨਿਰੰਕਾਰ ਕੋਲ ਗਏ ਸਾਂ। ਦਾਸ ਨੇ ਤਿੰਨ ਚਾਰ ਮਹਾਂਪੁਰਸ਼ਾਂ ਤੋਂ ਸੁਣਿਆ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਉਸ ਵੇਲੇ ਆਖਿਆ, ਓ ਮਰਦਾਨਿਆ, ਨਿਰੰਕਾਰ ਕੀਰਤਨ ਦਾ ਆਸ਼ਕ ਹੈ। ਮਰਦਾਨਿਆ, ਜੇ ਤੈਨੂੰ ਮੈਂ ਨਾਲ ਲੈ ਜਾਂਦਾ ਤੇ ਉਨ੍ਹਾਂ ਕਹਿਣਾ ਸੀ, ਕੌਣ ਹੈ ਤੇ ਮੈਂ ਕਹਿਣਾ ਸੀ, ਢਾਡੀ-ਕੀਰਤਨੀਆ ਹੈ। ਉਨ੍ਹਾਂ ਕਹਿਣਾ ਸੀ, ਸੁਣਾਓ ਕੀਰਤਨ। ਜਦੋਂ ਤੂੰ ਨਿਰੰਕਾਰ ਨੂੰ ਕੀਰਤਨ ਸੁਣਾਉਣਾ ਸੀ ਤੇ ਫਿਰ ਮਰਦਾਨਿਆ, ਨਿਰੰਕਾਰ ਨੇ ਕਹਿਣਾ ਸੀ, ਇਸ ਨੂੰ ਇੱਥੇ ਹੀ ਛੱਡ ਜਾਓ। ਇਸ ਦਾ ਕੀਰਤਨ ਰਸ ਵਾਲਾ ਹੈ। ਭਾਈ ਮਰਦਾਨਾ ਜੀ ਜਦੋਂ ਕੀਰਤਨ ਕਰਦੇ ਸਨ, ਸਮਾਂ ਰੁੱਕ ਜਾਂਦਾ ਸੀ। ਜਦੋਂ ਭਾਈ ਮਰਦਾਨਾ ਜੀ ਦੀ ਰਬਾਬ ਵੱਜਦੀ ਸੀ, ਸਮਾਂ ਰੁੱਕ ਜਾਂਦਾ ਸੀ ਤੇ ਐਸਾ ਮਾਹੌਲ ਬਣ ਜਾਂਦਾ ਸੀ। ਪਤਾ ਨਹੀਂ ਕਿੰਨਿਆਂ ਹਿਰਦਿਆਂ ਤੋਂ ਪਾਪਾਂ ਦੀ ਮੈਲ ਲੱਥਦੀ ਸੀ। ਇੱਥੇ ਵੀ ਸਾਰਿਆਂ ਨੇ ਇਹ ਅਰਦਾਸ ਕਰਨੀ ਹੈ, ਹੇ ਬਾਬਾ ਨਾਨਕ ਜੀ, ਕਿਤੇ ਮੈਲ ਲੱਥ ਜਾਵੇ, ਫਿਰ ਬੱਸ ਰਸ ਆ ਗਿਆ ਅੰਦਰ। ਮੈਲ ਲੱਥਣ ਦੀ ਦੇਰ ਹੀ ਹੈ।

***ਸਾਧ ਕੈ ਸੰਗਿ ਮੁਖ ਊਜਲ ਹੋਤ ॥***
***ਸਾਧਸੰਗਿ ਮਲੁ ਸਗਲੀ ਖੋਤ ॥***

*(ਅੰਗ ੨੭੧)*

ਮਰਦਾਨਿਆ, ਨਿਰੰਕਾਰ ਕੀਰਤਨ ਦਾ ਆਸ਼ਕ ਹੈ, ਉਨ੍ਹਾਂ ਨੇ ਪੁੱਛਣਾ ਸੀ, ਇਹ ਕੌਣ ਹੈ? ਮੈਂ

ਕਹਿਣਾ ਸੀ, ਕੀਰਤਨੀਆ। ਉਨ੍ਹਾਂ ਨੇ ਕੀਰਤਨ ਸੁਣਨਾ ਸੀ ਤੇ ਤੇਰਾ ਕੀਰਤਨ ਸੁਣ ਕੇ ਉਨ੍ਹਾਂ ਨੇ ਕਹਿਣਾ ਸੀ ਕਿ ਇਸ ਨੂੰ ਇੱਥੇ ਹੀ ਛੱਡ ਜਾਓ। ਹੁਣ ਦੱਸ ਮਰਦਾਨਿਆ। ਭਾਈ ਮਰਦਾਨਾ ਜੀ ਕਹਿਣ ਲੱਗੇ, ਬਾਬਾ ਜੀ, ਫਿਰ ਚੰਗਾ ਕੀਤਾ, ਆਪ ਜੀ ਨੇ। ਬਾਬਾ ਜੀ, ਮੈਂ ਤੁਹਾਡੇ ਨਾਲ ਹੀ ਰਹਿਣਾ ਹੈ। ਮੇਰੇ ਲਈ ਤੁਸੀਂ ਹੀ ਨਿਰੰਕਾਰ ਹੋ। ਇਹ ਕਾਫੀ ਰਾਈਟਰਾਂ ਨੇ ਲਿਖਿਆ ਹੈ। ਇਹ ਪਹਿਲਾ ਪੁਆਇੰਟ ਲਿਆ ਹੈ। ਭਾਈ ਮਰਦਾਨਾ ਜੀ, ਸਿੱਖ ਪੰਥ ਦੇ ਪਹਿਲੇ ਕੀਰਤਨੀਏ ਹੋਏ ਹਨ। ਸਾਡੇ ਸਾਰੇ ਕੀਰਤਨੀਆਂ ਦੇ ਪਿਤਾਮਾ ਹਨ। ਪਿਤਾ ਨੇ, ਉਸਤਾਦ ਨੇ, ਪ੍ਰੇਰਨਾ ਸਰੋਤ ਹਨ। ਦੂਜੀ ਗੱਲ ਲਿਖੀ ਹੈ ਰਾਈਟਰਾਂ ਨੇ ਜਿਸਨੂੰ ਪੜ੍ਹ ਕੇ ਸੀਸ ਝੁੱਕੇਗਾ। ਇੱਕ ਮਿੰਟ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦਰਸ਼ਨ ਹੋ ਜਾਣ, ਮਾਣ ਨਹੀਂ। ਇੱਕ ਘੰਟਾ ਸਤਿਗੁਰੂ ਜੀ ਦੇ ਦਰਸ਼ਨ ਹੋ ਜਾਣ, ਮਾਣ ਨਹੀਂ। ਛੇ ਘੰਟੇ ਦਰਸ਼ਨ ਹੋ ਜਾਣ, ਮਾਣ ਨਹੀਂ। ਇੱਕ ਦਿਨ, ਇੱਕ ਹਫਤਾ ਦਰਸ਼ਨ ਹੋ ਜਾਣ ਮਾਣ ਨਹੀਂ। ਵੇਖੋ, ਭਾਈ ਮਰਦਾਨਾ ਜੀ ਦੀ ਰੂਹ ਕਿੰਨੀ ਭਾਗਾਂ ਵਾਲੀ ਹੋਵੇਗੀ, ਜਿਹੜੇ ਤਕਰੀਬਨ 54 ਸਾਲ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਲ ਰਹੇ ਹਨ। 54 ਸਾਲ ਦਾ ਸਮਾਂ ਸੀ। ਇਹ ਕੋਈ ਛੋਟੀ ਜਿਹੀ ਗੱਲ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੰਗਤ ਇੱਕ ਛਿੰਨ ਨਹੀਂ ਮਾਣ। 1459 ਦਾ ਜਨਮ ਲਿਖਿਆ ਹੈ। 1534 ਵਿੱਚ ਭਾਈ ਮਰਦਾਨਾ ਜੀ ਨੇ ਸਰੀਰ ਤਿਆਗਿਆ ਹੈ। ਇਹ ਗੱਲ ਜਾਣਨ ਵਾਲੀ ਹੈ। 75 ਸਾਲ ਦੀ ਉਮਰ ਦਸ ਸਾਲ ਬਾਬਾ ਜੀ ਤੋਂ ਵੱਡੇ ਸੀ ਭਾਈ ਮਰਦਾਨਾ ਜੀ। ਉਸ ਮੁਤਾਬਿਕ ਅੰਦਾਜ਼ਾ ਜਿਹੜਾ ਸਮਾਂ ਬਣਦਾ ਹੈ, ਇਧਰ 11 ਸਾਲ ਦਾ, ਉਧਰ 21 ਸਾਲ ਦਾ ਜਦੋਂ ਨਾਲ ਸ਼ੁਰੂ ਕੀਤੇ, ਉਸ ਨੂੰ ਨਾਲ ਲਗਾ ਕੇ ਭਾਈ ਮਰਦਾਨਾ ਜੀ ਨੇ 54 ਸਾਲ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸੇਵਾ ਕੀਤੀ। ਇਸ਼ਾਰਾ ਲੈਣਾ। ਇੱਕ ਛਿੰਨ ਨਹੀਂ ਮਾਣ, ਭਾਈ ਮਰਦਾਨਾ ਜੀ ਨੂੰ ਦੇਖੋ। ਜਦੋਂ ਦਾਸ ਵਿਚਾਰ ਰਿਹਾ ਸੀ, ਗੁਰਇਕਬਾਲ ਸਿਆਂ, ਕੱਲ੍ਹ ਨੂੰ ਕੋਈ ਇਹੋ ਜਿਹਾ ਕਰਮ ਅੱਗੇ ਆ ਜਾਵੇ, ਜਿਹੜਾ 54 ਸਾਲ ਬਾਬਾ ਜੀ ਦੇ ਨਾਲ ਰਿਹਾ ਹੈ, ਉਸਨੂੰ ਵਿਚੋਲਾ ਪਾ ਕੇ ਹੀ ਕਹਿ ਦੇਵਾਂਗਾ, ਬਾਬਾ ਜੀ, ਭਾਈ ਮਰਦਾਨਾ ਜੀ ਦੇ ਤੇਰੇ ਚਰਨਾਂ ਵਿੱਚ ਉਨ੍ਹਾਂ ਦੇ ਨਾਂ ਦਾ ਵਾਸਤਾ ਹੈ, ਇਹ ਕੰਮ ਜ਼ਰੂਰੀ ਹੈ। ਭਾਈ ਮਰਦਾਨਾ ਜੀ ਨੂੰ ਵਿਚੋਲਾ ਪਾ ਦੇਈਏ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮੋੜਨਗੇ ਨਹੀਂ। ਆਪ ਜੀ ਦੇ 54 ਸਾਲ ਦੇ ਸਾਥੀ ਨੂੰ ਵਿਚੋਲਾ ਪਾ ਦਿੱਤਾ ਹੈ। ਅੰਦਰੋਂ ਪਾਉਣਾ ਵਿਚੋਲਾ। ਪਿਆਰ, ਮੁਹੱਬਤ ਅੰਦਰੋਂ ਹੋਵੇ। ਆਓ ਕੋਈ ਵਾਂਝਾ ਨਾ ਰਵ੍ਹੇ, ਸਾਰੇ ਪੜ੍ਹਿਓ ਪੰਕਤੀਆਂ, ਫਿਰ ਸਮਾਪਤੀ ਹੈ:

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।*

*(ਵਾਰ ੧੯, ਪਉੜੀ ੧੨)*

---

ਅਦਾਰਾ ਸਿਫਤਿ ਸਾਲਾਹ ਵੱਲੋਂ

**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 555ਵਾਂ ਪ੍ਰਕਾਸ਼ ਗੁਰਪੁਰਬ ਦੀਆਂ**

**ਅਤੇ**

**ਜਗਤ ਮਾਤਾ ਧੰਨ ਧੰਨ ਮਾਤਾ ਗੁਜਰ ਕੌਰ ਜੀ ਦੇ 400 ਸਾਲਾ ਜਨਮ ਸ਼ਤਾਬਦੀ ਦੀਆਂ**

ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਜੀ!

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਬਤਾਲੀਵਾਂ ਸਲੋਕ :***

***ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥***
***ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥ ੪੨॥***

*(ਅੰਗ ੧੪੨੮)*

ਜਿਸ ਸਰੀਰ ਦਾ ਤੂੰ ਹੰਕਾਰ ਕਰਦਾ ਹੈ, ਹੇ ਮਿੱਤਰ! ਉਹ ਇੱਕ ਛਿੰਨ ਵਿੱਚ ਹੀ ਨਾਸ਼ ਹੋ ਜਾਵੇਗਾ। ਜਿਸ ਪੁਰਸ਼ ਨੇ ਹਰੀ ਦਾ ਜੱਸ ਕੀਤਾ ਉਸਨੇ ਹੀ ਸੰਸਾਰ ਨੂੰ ਜਿੱਤਿਆ ਹੈ।

ਭਗਤ ਕਬੀਰ ਜੀ ਆਖਦੇ ਹਨ- ਹੇ ਭਾਈ ਇਸ ਦੇਹ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਅਸੀਂ ਚੰਮ ਤੇ ਹੱਡਾਂ ਦੇ ਲਪੇਟੇ ਹੋਏ ਹਾਂ। ਥੱਲੇ ਹੱਡ ਹਨ ਉਪਰ ਚੰਮ ਹੈ ਪਰ ਜਿਹੜੇ ਚੰਗੇ ਘੋੜਿਆਂ ਉੱਪਰ ਚੜ੍ਹਦੇ ਸੀ ਅਤੇ ਛਤਰਾਂ ਥੱਲੇ ਜਾਂਦੇ ਸੀ ਉਹ ਫਿਰ ਧਰਤੀ ਵਿੱਚ ਗੱਡੇ ਗਏ।

***ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥***
***ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥੩੭॥***

*(ਅੰਗ ੧੩੬੬)*

ਪਰਮਾਤਮਾ ਰੂਪੀ ਘੁਮਿਆਰ ਨੇ ਪੰਜ ਤੱਤ ਰੂਪੀ ਧੂੜ ਕੱਠੀ ਕਰਕੇ ਦੇਹ ਰੂਪੀ ਪੁਤਲੀ ਬਣਾਈ ਹੈ। ਇਹ ਚਾਰ ਦਿਨ ਦਾ ਵੇਖਣ ਵਾਸਤੇ ਖਿਡੌਣਾ ਹੈ। ਅੰਤ ਨੂੰ ਖੇਹ ਦੀ ਖੇਹ ਹੈ।

***ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ ॥***
***ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ ॥੧੭੮॥***

*(ਅੰਗ ੧੩੭੪)*

ਇੱਕ ਵਾਰੀ ਭਗਤ ਨਾਮਦੇਵ ਜੀ ਸਮੇਤ ਪਰਿਵਾਰ ਤੀਰਥ ਯਾਤਰਾ ਕਰਨ ਚਲੇ ਗਏ। ਪਿੱਛੋਂ ਇੱਕ ਸ਼ਾਹੂਕਾਰ ਨੇ ਆਪਣਾ ਮਕਾਨ ਬਣਾਉਂਦਿਆਂ ਹੋਇਆਂ ਮਿਸਤਰੀ ਦੀ ਸਲਾਹ ਦੇਣ ਤੇ ਕਿ ਜੇਕਰ ਇਹ ਛੱਪਰੀ ਵਾਲੀ ਜਗ੍ਹਾ ਵਿੱਚ ਮਿਲ ਜਾਵੇ ਤਾਂ ਮਕਾਨ ਬੜਾ ਚੰਗਾ ਬਣੇਗਾ। ਸ਼ਾਹੂਕਾਰ ਨੂੰ ਧਨ ਦਾ ਹੰਕਾਰ ਸੀ ਕਿ ਇਹ ਗਰੀਬ ਭਗਤ ਮੇਰਾ ਕੀ ਕਰੇਗਾ। ਜੇਕਰ ਬਹੁਤ ਕੁਝ ਕਰੇਗਾ ਤਾਂ ਕੀਮਤ ਲੈ ਲਵੇਗਾ ਹੋਰ ਕੀ ਕਰੇਗਾ। ਇਹ ਗੱਲ ਸੋਚ ਕੇ ਸ਼ਾਹੂਕਾਰ ਨੇ ਮਜ਼ਦੂਰਾਂ ਨੂੰ ਹੁਕਮ ਦੇ ਦਿੱਤਾ ਕਿ ਇਸ ਨੂੰ ਢਾਹ ਕੇ ਜਗ੍ਹਾ ਸਾਫ ਕਰ ਦਿਓ। ਉਸ ਜਗ੍ਹਾ ਦੇ ਰਲਣ ਕਰਕੇ ਸ਼ਾਹੂਕਾਰ ਦਾ ਮਕਾਨ ਆਲੀਸ਼ਾਨ ਬਣ ਗਿਆ ਤੇ ਵਿੱਚ ਰਹਿਣ ਲੱਗ ਪਏ। ਕੁਝ ਦਿਨਾਂ ਬਾਅਦ ਜਦ ਭਗਤ ਨਾਮਦੇਵ ਜੀ ਆਏ ਤਾਂ ਕੀ ਵੇਖਦੇ ਹਨ ਕਿ ਛੰਨ ਕੋਈ ਨਹੀਂ। ਪੁੱਛਣ ਤੇ ਲੋਕਾਂ ਨੇ ਕਿਹਾ, ਤੇਰੀ ਛੰਨ ਤੋੜ ਕੇ ਸ਼ਾਹੂਕਾਰ ਨੇ ਆਪਣੀ ਜ਼ਮੀਨ ਨਾਲ ਮਿਲਾ ਲਈ ਹੈ। ਲੋਕਾਂ ਤੋਂ ਇਹ ਗੱਲ ਸੁਣ ਕੇ ਸ਼ਾਹੂਕਾਰ ਪਾਸ ਆ ਕੇ ਭਗਤ ਨਾਮਦੇਵ ਜੀ ਆਖਦੇ ਹਨ, ਹੇ ਭਾਈ! ਤੂੰ ਕਿਸ ਜੀਵਨ ਵਾਸਤੇ ਡੂੰਘੀ ਨੀਂਹ ਪੁੱਟ ਕੇ ਉੱਪਰ ਕੰਧਾਂ ਉਸਾਰ ਕੇ ਸੋਹਣੇ ਮਹਿਲ ਬਣਵਾਏ ਹਨ। ਇਹ ਦਸ ਮਾਰਕੰਡੇ ਰਿਸ਼ੀ ਨਾਲੋਂ ਕਿਹੜਾ ਵੱਡੀ ਉਮਰ ਵਾਲਾ ਹੋਣਾ ਹੈ, ਜਿਸ

ਨੇ ਆਪਣੀ ਲੱਖਾਂ ਵਰ੍ਹਿਆਂ ਦੀ ਉਮਰ ਸਿਰ ਉੱਤੇ ਕੱਖਾਂ ਦੀ ਕੁੱਲੀ ਬਣਾ ਕੇ ਹੀ ਬਤੀਤ ਕੀਤੀ।

***ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥***
***ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥***

*(ਅੰਗ ੬੯੨)*

ਇਹ ਗੱਲ ਸੁਣ ਕੇ ਸ਼ਾਹੂਕਾਰ ਨੇ ਬੜਾ ਰੋਹਬ ਪਾਇਆ ਤੇ ਆਖਿਆ, ਜਾਹ ਜਿਸ ਮਿੱਤਰ ਜਾਂ ਰਿਸ਼ਤੇਦਾਰ ਨੂੰ ਬੁਲਾਉਣਾ ਹੈ ਬੁਲਾ ਲਿਆ। ਬਹੁਤੀਆਂ ਗੱਲਾਂ ਕਰਨ ਦੀ ਲੋੜ ਨਹੀਂ। ਭਗਤ ਨਾਮਦੇਵ ਜੀ ਨੇ ਆਖਿਆ ਸਾਡਾ ਸਨੇਹੀ ਤਾਂ ਰਾਮ ਕਰਤਾ ਪੁਰਖ ਹੈ ਉਸ ਤੋਂ ਬਿਨਾਂ ਸਾਡਾ ਹੋਰ ਕੌਣ ਹੈ ਪਰ ਤੂੰ ਕਿਸ ਵਾਸਤੇ ਹੰਕਾਰ ਕਰਦਾ ਹੈ? ਇਹ ਤੇਰੀ ਝੂਠੀ ਦੇਹੀ ਨਾਸ਼ ਹੋ ਜਾਵੇਗੀ।

ਦੁਰਜੋਧਨ ਦੇ ਸੌ ਭਾਈ ਕੌਰਵ ਮੇਰੀ-ਮੇਰੀ ਕਰਦੇ ਖਪ ਗਏ। ਜੰਗ ਤੋਂ ਪਹਿਲਾਂ ਦੁਰਜੋਧਨ ਜਿਸ ਵੇਲੇ ਰਾਜਿਆਂ ਨੂੰ ਵੇਖਣ ਚੱਲਿਆ ਕਿ ਮੇਰੇ ਅਧੀਨ ਕਿਤਨੇ ਕੁ ਰਾਜੇ ਹਨ ਤਾਂ 12 ਜੋਜਨ (48 ਕੋਹ) ਛਤਰਾਂ ਦੀ ਛਾਂ ਹੇਠਾਂ ਹੀ ਚਲਾ ਗਿਆ ਕੇਵਲ ਰਾਜੇ ਲੋਕ ਹੀ ਛਤਰ ਫੜ ਕੇ ਇਸ ਦਾ ਸੁਆਗਤ ਕਰਦੇ ਰਹੇ ਪਰ ਇਸ ਦੀ ਦੇਹੀ ਬਜਰ ਦੀ ਹੋਣ ਕਰਕੇ ਗਿਰਝਾਂ ਨੇ ਨਾ ਖਾਧੀ ਤੇ ਸਸਕਾਰ ਕਰਨ ਵਾਲਾ ਵੀ ਕੋਈ ਬਚਿਆ ਹੀ ਨਹੀਂ ਸੀ।

***ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥***
***ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥੨॥***

*(ਅੰਗ ੬੯੩)*

ਇਸ ਲਈ ਇਹ ਦੇਹੀ ਦਾ ਹੰਕਾਰ ਨਹੀਂ ਕਰਨਾ ਚਾਹੀਦਾ।

***ਨੌਵੇਂ ਪਾਤਸ਼ਾਹ ਜੀ ਦਾ ਤਰਤਾਲੀਵਾਂ ਸਲੋਕ :***

***ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥***
***ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥ ੪੩॥***

*(ਅੰਗ ੧੪੨੮)*

ਜਿਸ ਦੇ ਹਿਰਦੇ ਅੰਦਰ ਰਾਮ ਦਾ ਸਿਮਰਨ ਹੈ ਉਸ ਪੁਰਸ਼ ਨੂੰ ਮੁਕਤ ਹੋਇਆ ਸਮਝੋ। ਉਸ ਪੁਰਸ਼ ਅਤੇ ਹਰੀ ਵਿੱਚ ਕੋਈ ਭੇਦ ਨਹੀਂ ਹੈ।

ਮੁਲਤਾਨ ਦਾ ਨਾਸਤਕ ਰਾਜਾ ਹਰਨਾਖਸ਼ ਪ੍ਰਮੇਸ਼ਰ ਤੋਂ ਮੁਨਕਰ ਸੀ। ਉਹ ਆਪਣੇ ਆਪ ਨੂੰ ਪ੍ਰਮੇਸ਼ਰ ਅਖਵਾਉਂਦਾ ਤੇ ਸਾਰੀ ਪਰਜਾ ਤੇ ਜ਼ੁਲਮ ਕਰਕੇ ਆਪਣਾ ਨਾਮ ਜਪਾਉਂਦਾ ਪਰ ਹਰਨਾਖਸ਼ ਦਾ ਆਪਣਾ ਹੀ ਪੁੱਤਰ ਪ੍ਰਮੇਸ਼ਰ ਦਾ ਭਗਤ ਨਿਕਲ ਆਇਆ। ਪ੍ਰਹਿਲਾਦ ਜਿਸ ਨੂੰ ਅਨੇਕਾਂ ਕਸ਼ਟ ਦਿੱਤੇ ਗਏ ਪਰ ਨਾਮ ਉਸ ਦੇ ਰੋਮ-ਰੋਮ ਵਿੱਚ ਵੱਸ ਚੁੱਕਾ ਸੀ। ਜਦੋਂ ਹਰਨਾਖਸ਼ ਉਸਨੂੰ ਤਲਵਾਰ ਲੈ ਕੇ ਮਾਰਨ ਲੱਗਾ ਤਾਂ ਭਗਵਾਨ ਨੇ ਨਰਸਿੰਘ ਰੂਪ ਬਣਾ ਕੇ ਉਸ ਹਰਨਾਖਸ਼ ਨੂੰ ਮਾਰ ਮੁਕਾਇਆ।

***ਭਗਤ ਹੇਤਿ ਮਾਰਿਓ ਹਰਨਾਖਸੁ***
***ਨਰਸਿੰਘ ਰੂਪ ਹੋਇ ਦੇਹ ਧਰਿਓ ॥***

*(ਅੰਗ ੧੧੦੫)*

ਹਰਨਾਖਸ਼ ਦੀ ਮੌਤ ਤੋਂ ਬਾਅਦ ਪ੍ਰਹਿਲਾਦ ਨੇ ਭਗਵਾਨ ਨੂੰ ਬੇਨਤੀ ਕੀਤੀ ਕਿ ਮੇਰੇ ਪਿਤਾ ਨੂੰ ਨਰਕ ਵਿੱਚ ਨਾ ਪਾਇਆ ਜਾਏ। ਭਗਵਾਨ ਨੇ ਕਿਹਾ, ਪ੍ਰਹਿਲਾਦ! ਇਹ ਤਾਂ ਤੇਰਾ ਪਿਤਾ ਹੈ ਮੇਰੇ ਨਾਮ ਨੂੰ ਜਿਸ ਨੇ ਵੀ ਹਿਰਦੇ ਵਿੱਚ ਵਸਾਇਆ ਹੈ ਉਸਦੀਆਂ 21 ਕੁੱਲਾਂ ਦਾ ਉਧਾਰ ਹੋ ਜਾਂਦਾ ਹੈ।

***ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥***
***ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥***

*(ਅੰਗ ੧੧੩੩)*

ਭਗਤ ਕਬੀਰ ਜੀ ਵੀ ਆਖਦੇ ਹਨ, ਉਹ ਮੁਖ ਧੰਨਤਾ ਯੋਗ ਹੈ ਜਿਸ ਮੁਖ ਕਰਕੇ ਰਾਮ ਨਾਮ ਕਹੀਦਾ ਹੈ। ਦੇਹੀ ਵਿਚਾਰੀ ਕੀ ਹੈ ਜੋ ਪਵਿਤ੍ਰ ਨਾ

ਹੋਵੇ ਰਾਮ ਨਾਮ ਜਪਣ ਵਾਲਾ ਤਾਂ ਜਿਸ ਪਿੰਡ ਵਿੱਚ ਰਹਿੰਦਾ ਹੈ ਤੇ ਸਾਰਾ ਗ੍ਰਾਮ (ਪਿੰਡ) ਹੀ ਪਵਿੱਤਰ ਹੋ ਜਾਂਦਾ ਹੈ।

***ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥***
***ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥੧੧੦॥***

*(ਅੰਗ ੧੩੭੦)*

ਧੰਨ ਧੰਨ ਬਾਬਾ ਦੀਪ ਸਿੰਘ ਜੀ ਨੇ ਨਾਮ ਹਿਰਦੇ ਵਿੱਚ ਵਸਾਇਆ ਇਕੱਲੇ ਆਪ ਮੁਕਤ ਨਹੀਂ ਹੋਏ। ਉਨ੍ਹਾਂ ਦੇ ਦਰ ਤੇ ਲੱਖਾਂ ਲੋਕ ਆ ਕੇ ਨਾਮ ਜਪਦੇ ਹਨ। ਉੱਥੇ ਦੁਨਿਆਵੀ ਝੋਲੀਆਂ ਵੀ ਭਰ ਰਹੀਆਂ ਹਨ ਤੇ ਮੁਕਤੀ ਵੀ ਗੁਰਬਾਣੀ ਪੜ੍ਹਣ ਵਾਲਿਆਂ ਦੇ ਪਿੱਛੇ-ਪਿੱਛੇ ਭੱਜੀ ਫਿਰਦੀ ਹੈ।

***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥***
***ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥***

*(ਅੰਗ ੨੯੫)*

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।




ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

**ਚੰਦਾ (ਦੇਸ਼)**

| | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

# ਸਵਾਲ ਜਵਾਬ ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**42. ਸਵਾਲ: ਸਤਿਕਾਰਯੋਗ ਵੀਰ ਜੀ, ਅਸੀਂ ਜਦੋਂ ਵੀ ਬਾਣੀ ਪੜ੍ਹਨ ਬੈਠਦੇ ਹਾਂ ਤਾਂ ਮਨ ਭਟਕਦਾ ਰਹਿੰਦਾ ਹੈ ਤੇ ਬਾਣੀ ਵਿੱਚ ਮਨ ਨਹੀਂ ਜੁੜਦਾ। ਕਿਹੜੀ ਜੁਗਤੀ ਅਪਣਾਈਏ ਕਿ ਬਾਣੀ ਪੜ੍ਹਦੇ ਸਮੇਂ ਮਨ ਜੁੜ ਜਾਵੇ?**

**ਜਵਾਬ:** ਕੋਸ਼ਿਸ਼ ਕਰੋ ਕਿ ਬਾਣੀ ਪੜ੍ਹਦਿਆਂ ਮਨ ਜੁੜ ਜਾਏ ਪਰ ਜੇ ਮਨ ਨਾ ਵੀ ਜੁੜੇ ਤਾਂ ਘਬਰਾਓ ਨਹੀਂ। ਜਿਸ ਤਰ੍ਹਾਂ ਅੱਗ ਵਿੱਚ ਕੋਈ ਚੀਜ਼ ਭਾਵੇਂ ਸਿੱਧੀ ਤੇ ਭਾਵੇਂ ਉਲਟੀ ਪਾਓ, ਅੱਗ ਦਾ ਕੰਮ ਹੈ ਸਾੜਨਾ। ਜਦ ਤੁਸੀਂ ਸਰੀਰ ਕਰਕੇ ਬਾਣੀ ਪੜ੍ਹਨ ਬੈਠੋਗੇ ਤਾਂ ਤੁਹਾਡੇ ਪਾਪ ਸੜਨੇ ਸ਼ੁਰੂ ਹੋ ਜਾਣਗੇ। ਜਿਵੇਂ ਜਿਵੇਂ ਬਾਣੀ ਦਾ ਨੇਮ ਵਧਾਉਗੇ, ਜਿਵੇਂ ਜਿਵੇਂ ਨਾਮ ਅਭਿਆਸ ਵਧੇਗਾ ਉਨੀ ਜਲਦੀ ਪਾਪ ਨਸ਼ਟ ਹੋਣਗੇ ਤੇ ਪੁੰਨ ਵਧਦੇ ਜਾਣਗੇ। ਮਨ ਉਦੋਂ ਤੱਕ ਇਕਾਗਰ ਨਹੀਂ ਹੁੰਦਾ ਜਦ ਤੱਕ ਪਿਛਲੇ ਪਾਪਾਂ ਦੀ ਤਹਿ ਖਤਮ ਨਹੀਂ ਹੁੰਦੀ। ਜਦੋਂ ਇਹ ਪਾਪਾਂ ਦੀ ਪੰਡ ਖਤਮ ਹੁੰਦੀ ਜਾਵੇਗੀ ਤੇ ਪੁੰਨ ਵਧਣਗੇ ਤਾਂ ਮਨ ਜੁੜਨਾ ਸ਼ੁਰੂ ਹੋ ਜਾਵੇਗਾ। ਇਸ ਲਈ ਬਾਣੀ ਪੜ੍ਹਨੀ ਨਹੀਂ ਛੱਡਣੀ ਚਾਹੀਦੀ।

ਬਾਬਾ ਹਰਭਜਨ ਸਿੰਘ ਜੀ (ਵੱਡੇ) ਨਾਨਕਸਰ ਵਾਲਿਆਂ ਕੋਲ ਇੱਕ ਸਰੀਰ ਆਇਆ ਸੀ ਤੇ ਉਸ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਣੀ ਪੜ੍ਹਦਿਆਂ ਮਨ ਨਹੀਂ ਜੁੜਦਾ। ਬਾਬਾ ਜੀ ਕਹਿਣ ਲੱਗੇ, ਅੰਮ੍ਰਿਤ ਵੇਲੇ ਬਿਨਾਂ ਕੁਝ ਛਕੇ ਪੰਜ ਪਾਠ ਜਪੁ ਜੀ ਸਾਹਿਬ ਜੀ ਦੀ ਹਾਜ਼ਰੀ ਲਗਾਇਆ ਕਰੋ, ਮਨ ਵੀ ਜੁੜ ਜਾਵੇਗਾ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ:

***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥***

*(ਅੰਗ ੭੯੭)*

**43. ਸਵਾਲ: ਸਤਿਕਾਰਯੋਗ ਵੀਰ ਜੀ, ਤੁਸੀਂ ਦੱਸਦੇ ਹੋ ਕਿ ਬਾਣੀ ਜਿੱਥੇ ਲਿਖੀ ਹੋਵੇ, ਉਸ ਦਾ ਸਤਿਕਾਰ ਕਰੋ। ਬੇਅਦਬੀ ਨਾ ਹੋਵੇ ਅਤੇ**

**ਨਾਲ ਹੀ ਤੁਸੀਂ ਕੰਘੇ ਤੇ ਕੇਸ ਉਨ੍ਹਾਂ ਬਾਰੇ ਵੀ ਸਤਿਕਾਰ ਦੱਸਦੇ ਹੋ, ਪੂਰਾ ਦੱਸੋ ਕਿਵੇਂ ਸਤਿਕਾਰ ਕਰੀਏ?**

**ਜਵਾਬ:** ਆਮ ਘਰਾਂ ਵਿੱਚ ਖੁਸ਼ੀ ਗਮੀ ਦੇ ਕਾਰਡ ਆਉਂਦੇ ਰਹਿੰਦੇ ਹਨ ਜਾਂ ਕੋਈ ਪੇਪਰ, ਰਸਾਲਾ ਧਾਰਮਿਕ ਹੁੰਦਾ ਹੈ ਜਿਸ ਉੱਪਰ ਗੁਰਬਾਣੀ ਲਿਖੀ ਹੁੰਦੀ ਹੈ। ਕਈ ਅਨਜਾਣਪੁਣੇ ਵਿੱਚ ਉਸ ਨੂੰ ਪਾੜ ਕੇ ਕੂੜੇ ਵਾਲੇ ਡੱਬੇ ਵਿੱਚ ਸੁੱਟ ਦਿੰਦੇ ਹਨ ਜੋ ਕਿ ਘੋਰ ਬੇਅਦਬੀ ਹੈ। ਆਪਣੇ ਘਰ ਵਿੱਚ ਇੱਕ ਛੋਟਾ ਜਿਹਾ ਲਿਫਾਫਾ ਜਾਂ ਥੈਲਾ ਲਗਾਓ ਜਿਸ ਵਿੱਚ ਇਹ ਗੁਰਬਾਣੀ ਲਿਖੇ ਕਾਰਡ ਪਾਓ ਤੇ ਆਪਣੇ ਕੇਸਾਂ ਨੂੰ ਕੰਘਾ ਕਰਕੇ ਜੋ ਕੇਸ ਕੰਘੇ ਵਿੱਚ ਰਹਿ ਜਾਂਦੇ ਹਨ, ਉਹ ਕੇਸ ਵੀ ਉਸ ਥੈਲੇ ਵਿੱਚ ਪਾਓ। ਮਹੀਨੇ ਜਾਂ ਦੋ ਮਹੀਨੇ ਬਾਅਦ ਆਪਣੇ ਘਰ ਛੋਟੇ ਜਿਹੇ ਬਾਟੇ ਵਿੱਚ ਜਾਂ ਬਾਲਟੀ ਵਿੱਚ ਇਨ੍ਹਾਂ ਕਾਗਜ਼ਾਂ ਤੇ ਕੰਘੇ 'ਚ ਆਏ ਕੇਸਾਂ ਦਾ ਸਤਿਕਾਰ ਨਾਲ ਸਸਕਾਰ ਕਰ ਦਿਓ ਅਤੇ ਰਾਖ ਨੂੰ ਵਗਦੇ ਪਾਣੀ ਵਿੱਚ ਜਲ ਪ੍ਰਵਾਹ ਕਰ ਦਿਓ। ਇਸ ਤਰ੍ਹਾਂ ਕਰਨ ਨਾਲ ਧਾਰਮਿਕ ਕਾਗਜ਼ ਤੇ ਕੰਘੇ ਵਿੱਚੋਂ ਨਿਕਲੇ ਕੇਸਾਂ ਦੀ ਬੇਅਦਬੀ ਨਹੀਂ ਹੁੰਦੀ।

**44. ਸਵਾਲ: ਸਤਿਕਾਰਯੋਗ ਵੀਰ ਜੀ, ਆਮ ਘਰਾਂ ਵਿੱਚ ਵੇਖੀਦਾ ਹੈ ਕਿ ਜੇ ਕੋਈ ਗੁਟਕਾ ਸਾਹਿਬ ਤੋਂ ਪਾਠ ਕਰ ਰਿਹਾ ਹੈ ਤੇ ਪਾਠ ਕਰਦਿਆਂ-ਕਰਦਿਆਂ ਕਿਸੇ ਨੂੰ ਕੋਈ ਕੰਮ ਪੈ ਗਿਆ ਹੈ ਤਾਂ ਉਹ ਗੁਟਕਾ ਸਾਹਿਬ ਟੇਬਲ, ਸੈਲਫ, ਟੀ.ਵੀ. ਉੱਪਰ ਜਾਂ ਫਰਿਜ਼ 'ਤੇ ਰੱਖ ਦਿੰਦੇ ਹਨ। ਕੀ ਅਜਿਹਾ ਕਰਨਾ ਠੀਕ ਹੈ?**

**ਜਵਾਬ:** ਨਹੀਂ, ਇਹ ਗੱਲ ਬਹੁਤ ਗਲਤ ਹੈ। ਬਾਣੀ ਦਾ ਜਿੰਨਾ ਸਤਿਕਾਰ ਕਰੋ, ਉਨਾ ਹੀ ਘੱਟ ਹੈ। ਧੰਨ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਮਹਾਰਾਜ ਦੇ ਸਮੇਂ ਕੁਝ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਵਾਸਤੇ ਆਏ ਤੇ ਸਤਿਗੁਰੂ ਜੀ ਉਸ ਸਮੇਂ ਪਲੰਘ 'ਤੇ ਅਰਾਮ ਵਿੱਚ ਸਨ। ਸਿੱਖਾਂ ਨੇ ਗੁਰੂ ਸਾਹਿਬ ਜੀ ਦੇ ਕਮਰੇ ਦੇ ਬਾਹਰ ਜ਼ਮੀਨ 'ਤੇ ਬੈਠ ਕੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ। ਜਦੋਂ ਗੁਰੂ ਸਾਹਿਬ ਉੱਠੇ ਤੇ ਕੰਨਾਂ ਵਿੱਚ ਬਾਣੀ ਦੀ ਆਵਾਜ਼ ਪਈ ਤੇ ਜਦੋਂ ਨਜ਼ਰ ਬਾਣੀ ਪੜ੍ਹਨ ਵਾਲਿਆਂ 'ਤੇ ਪਈ ਤਾਂ ਸਤਿਗੁਰੂ ਜੀ ਇੰਨੀ ਕਾਹਲੀ ਨਾਲ ਉੱਠੇ ਕਿ ਪਲੰਘ ਦੀ ਬਾਹੀ ਸਤਿਗੁਰੂ ਜੀ ਦੇ ਗੋਡੇ 'ਤੇ ਵੀ ਲੱਗੀ। ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ, ਇੰਨੀ ਕਾਹਲੀ ਕਿਉਂ ਕੀਤੀ? ਗੁਰੂ ਸਾਹਿਬ ਕਹਿਣ ਲੱਗੇ ਕਿ ਮੇਰੇ ਸਿੱਖ ਹੇਠਾਂ ਬੈਠ ਕੇ ਬਾਣੀ ਪੜ੍ਹ ਰਹੇ ਸਨ ਅਤੇ ਮੈਂ ਪਲੰਘ ਤੇ ਸਾਂ। ਕਾਹਲੀ ਇਸ ਲਈ ਕੀਤੀ ਕਿ ਇਹ ਬਾਣੀ ਦੀ ਬੇਅਦਬੀ ਹੈ।

*ਜਿਨ ਭੈ ਅਦਬ ਨ ਬਾਣੀ ਧਾਰਾ ॥*
*ਜਾਨਹੁ ਸੋ ਸਿਖ ਨਾਹੀ ਹਮਾਰਾ ॥*

ਗੁਟਕਾ ਸਾਹਿਬ ਰੱਖਣ ਵਾਸਤੇ ਇੱਕ ਜਗ੍ਹਾ ਬਣਾਉਣੀ ਚਾਹੀਦੀ ਹੈ। ਉਸ ਜਗ੍ਹਾ 'ਤੇ ਸਾਫ ਕੱਪੜਾ ਜਾਂ ਤੋਲੀਆ ਵਿਛਾ ਲਓ ਤੇ ਉਸ ਜਗ੍ਹਾ 'ਤੇ ਕੇਵਲ ਗੁਟਕੇ ਸਾਹਿਬ ਤੇ ਮਾਲਾ ਹੀ ਰੱਖਣੇ ਚਾਹੀਦੇ ਹਨ। ਕਈ ਲੋਕ ਚਾਹ ਪੀ ਕੇ ਖਾਲੀ ਗਿਲਾਸ ਸੈਲਫ, ਟੀ.ਵੀ. ਜਾਂ ਫਰਿਜ ਆਦਿ 'ਤੇ ਰੱਖ ਦਿੰਦੇ ਹਨ। ਕੁਝ ਚਿਰ ਬਾਅਦ ਹੋਰ ਕੋਈ ਮੈਂਬਰ ਪਾਠ ਕਰਦਾ ਹੈ ਤੇ ਪਾਠ ਕਰਨ ਤੋਂ ਬਾਅਦ ਉਸੀ ਜਗ੍ਹਾ 'ਤੇ ਗੁਟਕਾ ਸਾਹਿਬ ਰੱਖ ਦਿੰਦਾ ਹੈ। ਇਹ ਬੇਅਦਬੀ ਹੈ ਬਾਣੀ ਦੀ, ਕਿਉਂਕਿ ਉਸ ਜਗ੍ਹਾ 'ਤੇ ਕੁਝ ਮਿੰਟ ਪਹਿਲਾਂ ਜੂਠਾ ਗਿਲਾਸ ਪਿਆ ਸੀ। ਇਸ ਲਈ ਗੁਟਕੇ ਸਾਹਿਬ ਅਤੇ ਮਾਲਾ ਲਈ ਵੱਖਰੀ ਜਗ੍ਹਾ ਹੀ ਹੋਣੀ ਚਾਹੀਦੀ ਹੈ।

# ਅਧਿਆਤਮਿਕ ਵਿਚਾਰਾਂ

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

**546**

ਕੋਈ ਚੀਜ਼ ਮੂੰਹ ਵਿੱਚ ਪਾਉਣ ਤੋਂ ਪਹਿਲਾਂ ਵਾਹਿਗੁਰੂ ਕਹਿਣ ਨਾਲ ਵਾਹਿਗੁਰੂ ਬਰਕਤ ਪਾਉਂਦਾ ਹੈ।

*—ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ*

**547**

ਸੰਗਤ ਵਿੱਚ ਆ ਕੇ ਮਨ ਪੁਣਿਆ ਜਾਂਦਾ ਹੈ।
ਸੰਗਤ ਨਾ ਕਰਕੇ ਮਨ ਹੰਕਾਰੀ ਹੋ ਜਾਂਦਾ ਹੈ।

**548**

ਜਿਹੜੇ ਲੋਕ ਈਰਖਾ ਵਸ ਲੜਨ, ਉਹ ਜਮਾਂ ਦੇ ਵਸ ਪੈਂਦੇ ਹਨ।

*—ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ*



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

ਗੁਰੂ ਸਾਹਿਬ ਦੀ ਕਿਰਪਾ ਹੈ ਕਿ ਰਿਜ਼ਕ ਸਿੱਖਾਂ ਨੂੰ ਜਿੱਥੇ ਜਿੱਥੇ ਵੀ ਲੈ ਕੇ ਗਿਆ, ਗੁਰੂ ਪਿਆਰ ਵਿੱਚ ਸਿੱਖਾਂ ਨੇ ਗੁਰੂ ਘਰਾਂ ਦੀ ਉਸਾਰੀ ਕਰਵਾਈ। ਮੁੰਬਾਸਾ ਸ਼ਹਿਰ, ਜੋ ਹੁਣ ਕੀਨੀਆ ਦੇਸ਼ ਦੇ ਇੱਕ ਸ਼ਹਿਰ ਵੱਲੋਂ ਜਾਣਿਆ ਜਾਂਦਾ ਸੀ, ਅੰਗਰੇਜ਼ਾਂ ਦੇ ਰਾਜ ਸਮੇਂ ਰਾਜਧਾਨੀ ਹੋਇਆ ਕਰਦੀ ਸੀ। 1895 ਤੋਂ ਮੁੰਬਾਸਾ ਵਿੱਚ ਸਿੱਖਾਂ ਦੀ ਆਮਦ ਸ਼ੁਰੂ ਹੋਈ। ਅੰਗਰੇਜ਼ ਹਕੂਮਤ ਵੱਲੋਂ ਰੇਲ ਦੀ ਲੀਹ ਵਿਛਾਈ ਜਾਣੀ ਸੀ। ਭਾਰਤ ਤੋਂ ਸਿੱਖ ਕਾਰੀਗਰਾਂ ਅਤੇ ਕਿਰਤੀਆਂ ਨੂੰ ਲੈ ਜਾਇਆ ਗਿਆ। ਸਿੱਖਾਂ ਵੱਲੋਂ ਉੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਗਈ। 1898 ਵਿੱਚ ਸੰਗਤ ਵੱਲੋਂ ਬੜੇ ਪਿਆਰ ਅਤੇ ਅਥਾਹ ਸ਼ਰਧਾ ਨਾਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਕੀਤੇ ਗਏ। ਸਮੇਂ ਸਮੇਂ ਤੇ ਪੰਜਾਬ ਤੋਂ ਸੰਤ-ਮਹਾਂਪੁਰਖ, ਕੀਰਤਨੀਏ ਅਤੇ ਵਿਦਵਾਨ ਆ ਕੇ ਕਥਾ ਕੀਰਤਨ ਰਾਹੀਂ ਗੁਰਮਤਿ ਪ੍ਰਚਾਰ ਕਰਦੇ ਸਨ।

17-01-1951 ਨੂੰ ਰਾੜਾ ਸਾਹਿਬ ਵਾਲੇ ਮਹਾਂਪੁਰਖ ਜੱਥੇ ਸਮੇਤ ਮੁੰਬਾਸਾ ਬੰਦਰਗਾਹ ਤੇ ਪਹੁੰਚੇ। ਰਿਹਾਇਸ਼ ਦਾ ਪ੍ਰਬੰਧ ਸ੍ਰ. ਉਜਾਗਰ ਸਿੰਘ ਦੇ ਘਰ ਵਿੱਚ ਸੀ। ਅਗਲੇ ਦਿਨ ਤੋਂ ਹੀ ਗੁਰਦੁਆਰਾ ਸਾਹਿਬ ਵਿੱਚ ਦੀਵਾਨ ਆਰੰਭ ਹੋ ਗਏ। ਭਾਵੇਂ ਹਰ ਕੋਈ ਕਿਸੇ ਨਾ ਕਿਸੇ ਰੂਪ ਵਿੱਚ ਪੜ੍ਹਦਾ-ਸੁਣਦਾ ਹੈ ਕਿ ਮਨੁੱਖਾ ਜਨਮ ਭਾਗਾਂ ਨਾਲ ਪ੍ਰਾਪਤ ਹੋਇਆ ਹੈ ਅਤੇ ਇਸ ਨੂੰ ਸਫਲਾ ਕਰਨਾ ਚਾਹੀਦਾ ਹੈ, ਪਰ ਇਸਦਾ ਅਸਰ ਬਹੁਤ ਘੱਟ ਹੋਇਆ ਕਰਦਾ ਹੈ। ਕਰਨੀ ਕਮਾਈ ਦੇ ਸੂਰਿਆਂ ਵੱਲੋਂ ਜਦ ਇਹੋ ਬਚਨ ਕੀਤੇ ਜਾਂਦੇ ਹਨ ਤਾਂ ਬਚਨ ਹਿਰਦੇ ਵਿੱਚ ਉੱਤਰ ਜਾਂਦੇ ਹਨ। ਸ਼ਹਿਰ ਵਿੱਚ ਸਿੱਖਾਂ ਦੀ ਅਬਾਦੀ ਉਹਨੀਂ ਦਿਨੀਂ ਲਗਭਗ ਦੋ ਹਜ਼ਾਰ ਸੀ। ਸੰਗਤ ਹੁੰਮ-ਹੁੰਮਾ ਕੇ ਹਾਜ਼ਰੀ ਭਰਦੀ। ਲਗਾਤਾਰ ਦੋ ਮਹੀਨੇ ਰੋਜ਼ਾਨਾ ਦੀਵਾਨ ਸਜਦੇ ਰਹੇ। ਸਮਾਪਤੀ ਵਾਲੇ ਦਿਨ ਅੰਮ੍ਰਿਤ ਸੰਚਾਰ ਹੋਇਆ। ਵੱਡੀ ਗਿਣਤੀ ਵਿੱਚ ਜਗਿਆਸੂ ਖੰਡੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ।

ਨੈਰੋਬੀ ਦੀ ਸੰਗਤ ਦੇ ਬੇਨਤੀ ਕਰਨ ਤੇ ਮਹਾਂਪੁਰਖਾਂ ਨੇ ਸਮਾਂ ਦੇ ਦਿੱਤਾ। 1907 ਵਿੱਚ ਅੰਗਰੇਜ਼ ਹਕੂਮਤ ਨੇ ਮੁੰਬਾਸਾ ਦੀ ਥਾਂ ਨੈਰੋਬੀ ਨੂੰ ਰਾਜਧਾਨੀ ਬਣਾ ਲਿਆ ਸੀ। ਇੱਥੇ ਸਿੱਖਾਂ ਦੀ ਵਸੋਂ ਵੀਹ-ਪੱਚੀ ਹਜ਼ਾਰ ਦੇ ਕਰੀਬ ਸੀ। ਮਹਾਂਪੁਰਖ ਸਿੱਧੀਆਂ ਧਾਰਨਾ ਵਿੱਚ ਕੀਰਤਨ ਕਰਦੇ। ਜੋਟੀਆਂ ਵਿੱਚ ਮਾਈ-ਭਾਈ ਆਪੋ ਆਪਣੀ ਵਾਰੀ ਵਿੱਚ ਧਾਰਨਾ ਬੋਲਦੇ। ਬਾਬਾ ਜੀ ਸਾਖੀ ਪ੍ਰਮਾਣ ਰਾਹੀਂ ਆਮ ਬੋਲ-ਚਾਲ ਦੀ ਭਾਸ਼ਾ ਵਿੱਚ ਨਿਰੋਲ ਗੁਰਮਤਿ ਪ੍ਰਚਾਰ ਕਰਦੇ। ਕੋਈ ਇਧਰਲੀ-ਓਧਰਲੀ, ਟੀਕਾ-ਟਿੱਪਣੀ ਜਾਂ ਵਾਦ-ਵਿਵਾਦ ਦੀ ਗੱਲ ਨਹੀਂ ਕੀਤੀ ਜਾਂਦੀ ਸੀ। ਕੋਈ ਮਾਇਆ ਦੀ ਅਪੀਲ ਨਹੀਂ ਕੀਤੀ ਜਾਂਦੀ ਸੀ। ਮੁੰਬਾਸਾ ਵਿਖੇ ਦੋ ਮਹੀਨੇ ਕੀਰਤਨ ਕਰਨ ਤੋਂ ਬਾਅਦ ਵੀ ਬਾਬਾ ਜੀ ਨੇ ਓਥੋਂ ਕੋਈ ਮਾਇਆ ਨਹੀਂ ਸੀ ਲਈ। ਕੀਰਤਨ ਸਮੇਂ ਵੀ

ਮਾਇਆ ਭੇਟ ਕਰਨ ਦੀ ਮਨਾਹੀ ਕੀਤੀ ਹੋਈ ਸੀ।

ਸੰਗਤ ਵਿੱਚ ਇੱਕ ਪਿਆਰ ਦੀ ਲਹਿਰ ਸੀ। ਮਨ ਪੂਰਨ ਰੂਪ ਵਿੱਚ ਗੁਰਮਤਿ ਧਾਰਨ ਲਈ ਪ੍ਰੇਰਿਤ ਹੁੰਦਾ ਸੀ। ਇੱਕ ਦਿਨ ਇੱਕ ਪ੍ਰੇਮੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਬਾ ਜੀ ਪਾਸ ਆਇਆ ਅਤੇ ਬੇਨਤੀ ਕੀਤੀ, "ਬਾਬਾ ਜੀ! ਦਾਸ ਇੱਕ ਬੇਨਤੀ ਕਰਨੀ ਚਾਹੁੰਦਾ ਹੈ।"

"ਹਾਂ ਜੀ। ਦੱਸੋ।" ਮਹਾਂਪੁਰਖਾਂ ਨੇ ਕਿਹਾ।

"ਦਾਸ ਦਾ ਨਾਂ ਹਰਭਜਨ ਸਿੰਘ ਹੈ। ਮੈਂ ਇੰਸਪੈਕਟਰ ਹਾਂ। ਗੌਰਮਿੰਟ ਨੇ ਆਪ ਜੀ ਦੀ ਨਿਗਰਾਨੀ ਦੀ ਡਿਊਟੀ ਲਾਈ ਹੈ।" ਉਸ ਨੇ ਹੱਥ ਜੋੜ ਕੇ ਕਿਹਾ।

ਅੰਗਰੇਜ਼ ਹਕੂਮਤ ਨੇ ਬਾਬਾ ਜੀ ਦਾ ਸੰਗਤ ਵਿੱਚ ਸਤਿਕਾਰ ਦੇਖ ਕੇ ਅਜਿਹਾ ਕੀਤਾ ਸੀ। "ਠੀਕ ਹੈ ਭਾਈ! ਤੁਹਾਡੀ ਡਿਊਟੀ ਹੈ। ਆਪਣੀ ਡਿਊਟੀ ਪੂਰੀ ਨਿਭਾਓ।" ਮਹਾਂਪੁਰਖਾਂ ਨੇ ਬਚਨ ਕੀਤਾ।

ਭਾਵੇਂ ਹਰਭਜਨ ਸਿੰਘ ਸਰਕਾਰੀ ਡਿਊਟੀ ਤੇ ਆਇਆ ਸੀ ਪਰ ਸਾਰਾ ਵਰਤਮਾਨ ਦੇਖ ਕੇ ਉਸਨੇ ਸਮਝ ਲਿਆ ਸੀ ਕਿ ਇੱਥੇ ਨਿਰੋਲ ਗੁਰਮਤਿ ਹੈ, ਸਮੇਂ ਦਾ ਲਾਹਾ ਲੈ ਕੇ ਜਨਮ ਸਫਲਾ ਕਰਨ ਵੱਲ ਪੈਰ ਪੁੱਟਣੀ ਚਾਹੀਦੀ ਹੈ।

ਇੱਕ ਦਿਨ ਇੱਕ ਪ੍ਰੇਮੀ ਨੇ ਆਪਣੀ ਸਮਝ ਅਨੁਸਾਰ ਬਾਬਾ ਜੀ ਨੂੰ ਕਿਹਾ, "ਸੰਤ ਸਾਧੂ ਤਾਂ ਬਿਰਕਤ ਹੁੰਦੇ ਨੇ। ਧਾਰਮਿਕ ਗ੍ਰੰਥਾਂ ਵਿੱਚ ਤਾਂ ਤਿਆਗੀਆਂ ਤੇ ਬਿਰਕਤਾਂ ਦਾ ਹੀ ਜ਼ਿਕਰ ਆਉਂਦਾ ਹੈ।" ਅਸਲ ਵਿੱਚ ਉਹ ਮਹਾਂਪੁਰਖਾਂ ਪ੍ਰਤੀ ਸ਼ੰਕਾਵਾਨ ਸੀ। ਠਾਕੁਰ ਸਿੰਘ ਨਾਮ ਦੇ ਇੱਕ ਪ੍ਰੇਮੀ ਨੇ ਬੜੇ ਪ੍ਰੇਮ ਨਾਲ ਕਾਲੇ ਰੰਗ ਦੀ ਅਚਕਨ ਬਣਵਾ ਕੇ ਬਾਬਾ ਜੀ ਨੂੰ ਭੇਟ ਕੀਤੀ ਸੀ। ਆਪ ਜੀ ਨੇ ਉਸਦਾ ਪ੍ਰੇਮ ਦੇਖ ਕੇ ਅਚਕਨ ਅੰਗੀਕਾਰ ਕਰ ਲਈ ਸੀ। ਇਸ ਗੱਲ ਨਾਲ ਉਹ ਪ੍ਰੇਮੀ ਹੋਰ ਸ਼ੰਕਾਵਾਨ ਹੋ ਗਿਆ ਸੀ।

"ਗੁਰਮੁਖ ਜੀ! ਅਸੀਂ ਕੋਈ ਸੰਤ ਨਹੀਂ ਅਸੀਂ ਤਾਂ... ।" ਬਾਬਾ ਜੀ ਨੇ ਬਹੁਤ ਹੀ ਰਮਜ਼ ਭਰਿਆ ਬਚਨ ਕੀਤਾ ਸੀ, ਜੋ ਉਸ ਪ੍ਰੇਮੀ ਲਈ ਹੀ ਸੀ। ਮੁਸਕਰਾਉਂਦਿਆਂ ਹੋਇਆਂ ਆਪ ਜੀ ਨੇ ਬਚਨ ਕੀਤੇ, "ਸਾਧੂ ਕਿਸੇ ਭੇਖ ਦਾ ਨਾਮ ਨਹੀਂ। ਕਿਸੇ ਦਾ ਸਵਾਹ ਮਲ ਲੈਣਾ, ਗੋਦੜੀ ਪਾ ਲੈਣੀ ਜਾਂ ਬਸਤਰ ਤਿਆਗ ਦੇਣੇ ਇਹ ਸਭ ਸਾਧੂ ਦੀ ਪਛਾਣ ਨਹੀਂ। ਸਾਧੂ ਉਹ ਹੈ ਜਿਸਨੇ ਘਾਲਣਾ ਘਾਲੀ ਹੈ, ਪ੍ਰਭੂ ਨੂੰ ਪਾਇਆ ਹੈ। ਗੁਰੂ ਘਰ ਵਿੱਚ ਨਿਰਮਲ ਕਰਨੀ ਵਾਲੇ ਨੂੰ ਸਾਧੂ ਕਿਹਾ ਹੈ।

*ਸਾਧ ਨਾਮ ਨਿਰਮਲ ਤਾ ਕੇ ਕਰਮ ॥*

*(ਅੰਗ ੨੯੬)*

ਸਤਿਗੁਰਾਂ ਨੇ ਸਿੱਖ ਨੂੰ ਰਾਜਾ ਜੋਗੀ ਬਣਾਇਆ ਹੈ। ਉਹ ਭਾਵੇਂ ਚੰਗੇ ਕੀਮਤੀ ਬਸਤਰ ਪਾਵੇ, ਕਾਰਾਂ ਦੀ ਅਸਵਾਰੀ ਕਰੇ, ਚੰਗੇ ਘਰ ਵਿੱਚ ਚੰਗੀ ਕੋਠੀ ਵਿੱਚ ਰਹੇ, ਉਸ ਦੇ ਅੰਦਰ ਕਿਸੇ ਚੀਜ਼ ਦੀ ਪਕੜ ਨਹੀਂ ਹੁੰਦੀ। ਅੰਦਰੋਂ ਪਕੜ ਨਾ ਹੋਣਾ ਹੀ ਅਸਲ ਬਿਰਕਤਤਾ ਹੈ। ਨਾ ਕਿਸੇ ਚੀਜ਼ ਦਾ ਲੋਭ, ਨਾ ਪਕੜ। ਗੁਰੂ ਸਾਹਿਬ ਨੇ ਕਿਰਪਾ ਕੀਤੀ ਹੈ, ਸਿੱਖ ਨੂੰ ਦਾਤਾ ਬਣਾਇਆ ਹੈ, ਮੰਗਤਾ ਨਹੀਂ ਬਣਾਇਆ। ਗ੍ਰਹਿਸਥੀ ਹੈ ਤਾਂ ਦਸਵੰਧ ਲੇਖੇ ਲਾਉਂਦਾ ਹੈ। ਲੋੜਵੰਦਾਂ ਦੀ ਮਦਦ ਕਰਦਾ ਹੈ। ਸਾਧੂਆਂ ਦੇ ਡੇਰੇ ਵਿੱਚ ਲੰਗਰ ਚਲਦੇ ਹਨ। ਕਥਾ-ਕੀਰਤਨ ਦਾ ਪ੍ਰਵਾਹ ਚਲਦਾ ਹੈ। ਰਿਹਾਇਸ਼ ਮਿਲਦੀ ਹੈ। ਬਾਹਰੋਂ ਕਫਨੀ ਜਾਂ ਗੋਦੜੀ ਪਾਈ ਹੈ ਅਤੇ ਅੰਦਰੋਂ ਵੀ ਜੁੜਿਆ ਹੈ ਤਾਂ ਪਰਮੇਸ਼ਰ ਦੇ ਦਰ ਤੇ ਪ੍ਰਵਾਨ ਹੈ। ਅੰਦਰੋਂ ਨਹੀਂ ਜੁੜਿਆ ਕਰਮ ਨਿਰਮਲ ਨਹੀਂ ਹਨ ਤਾਂ ਉਸਨੂੰ ਸਾਧੂ ਨਹੀਂ ਕਿਹਾ

ਜਾ ਸਕਦਾ। ਇਹੋ ਦੋਨੋਂ ਗੱਲਾਂ ਚੰਗੇ ਬਸਤਰ ਧਾਰਨ ਕਰਨ ਵਾਲੇ ਤੇ ਵੀ ਲਾਗੂ ਹੁੰਦੀਆਂ ਹਨ।" ਮਹਾਂਪੁਰਖਾਂ ਦੇ ਬਚਨ ਸੁਣ ਕੇ ਉਸ ਪ੍ਰੇਮੀ ਨੇ ਹੱਥ ਜੋੜੇ। ਇਸ ਤਰ੍ਹਾਂ ਨਿਖੇਰ ਕੇ ਕਿਸੇ ਨੂੰ ਉਸਨੂੰ ਕਦੇ ਨਹੀਂ ਦੱਸਿਆ ਸੀ, ਨਾ ਕਦੇ ਉਸਨੇ ਖੁਦ ਡੂੰਘਾਈ ਵਿੱਚ ਸੋਚਿਆ ਸੀ।

ਇੱਕ ਦਿਨ ਬੀਕਾ ਸ਼ਹਿਰ ਜੋ ਨੈਰੋਬੀ ਤੋਂ 26 ਮੀਲ ਦੂਰ ਸੀ, ਤੋਂ ਦੀਵਾਨ ਵਿੱਚ ਹਾਜ਼ਰੀ ਭਰਨ ਆਉਂਦੇ ਸ੍. ਅਮਰ ਸਿੰਘ ਜੀ ਨੇ ਘਰ ਵਿੱਚ ਚਰਨ ਪਾਉਣ ਅਤੇ ਬੀਕਾ ਸ਼ਹਿਰ ਵਿੱਚ ਦੀਵਾਨ ਲਾਉਣ ਦੀ ਬੇਨਤੀ ਕੀਤੀ। ਉਸਦਾ ਪ੍ਰੇਮ ਪ੍ਰਵਾਨ ਕਰਦਿਆਂ ਬਾਬਾ ਜੀ ਨੇ ਇੱਕ ਦੀਵਾਨ ਬੀਕਾ ਸ਼ਹਿਰ ਵਿੱਚ ਲਾਇਆ।

ਰੋਜ਼ ਦੀਵਾਨ ਤਾਂ ਲੱਗਦੇ ਹੀ ਸਨ, ਸੰਗਤ ਬੇਨਤੀ ਕਰਕੇ ਮਹਾਂਪੁਰਖਾਂ ਨੂੰ ਘਰ ਵੀ ਲੈ ਜਾਂਦੀ। ਘਰਾਂ ਵਿੱਚ ਵੀ ਬਾਬਾ ਜੀ ਬਚਨਾਂ ਰਾਹੀਂ ਗੁਰਮਤਿ ਹੀ ਦ੍ਰਿੜ੍ਹ ਕਰਵਾਉਂਦੇ ਸਨ।

ਇੱਕ ਵਾਰ ਆਪ ਜੀ ਇੱਕ ਘਰ ਵਿੱਚ ਗਏ ਸਨ। ਇਸ ਪਰਿਵਾਰ ਦੇ ਬੱਚੇ ਅਰਜਨ ਸਿੰਘ ਨੇ ਬੇਨਤੀ ਕੀਤੀ, "ਬਾਬਾ ਜੀ! ਜਿਵੇਂ ਕਹਿੰਦੇ ਨੇ ਅੱਗੇ ਲੇਖਾ ਹੁੰਦਾ ਹੈ। ਉੱਥੇ ਚੰਗੇ ਮਾੜੇ ਦੀ ਕਿਵੇਂ ਪਛਾਣ ਹੁੰਦੀ ਹੈ? ਚੰਗੇ ਮਾੜੇ ਕਰਮਾਂ ਦਾ ਕਿਵੇਂ ਪਤਾ ਲੱਗਦਾ ਹੈ?"

ਬਾਬਾ ਜੀ ਨੇ ਉਸਦੀ ਜਗਿਆਸਾ ਦੇਖ ਕੇ ਬਚਨ ਅਰੰਭ ਕੀਤੇ, "ਜੀਵ ਇੱਥੇ ਜੋ ਕਰਮ ਕਰਦਾ ਹੈ, ਇਸਦੇ ਅੰਤਸ਼ਕਰਣ ਵਿੱਚ ਜਮ੍ਹਾਂ ਹੋ ਜਾਂਦੇ ਹਨ। ਚੰਗਾ ਕਰਮ ਕੀਤਾ ਉਹ ਵੀ ਜਮ੍ਹਾਂ ਹੋ ਗਿਆ, ਮਾੜਾ ਕਰਮ ਕੀਤਾ ਉਹ ਵੀ ਜਮ੍ਹਾਂ ਹੋ ਗਿਆ। ਕਰਮਾਂ ਅਨੁਸਾਰ ਹੀ ਖਿਆਲ ਬਣਦੇ ਨੇ। ਆਪਾਂ ਖੁਦ ਵੀ ਦੇਖ ਸਕਦੇ ਹਾਂ ਕਿ ਮਨ ਦੀ ਰੌਅ ਕਿਸ ਪਾਸੇ ਜਾਂਦੀ ਹੈ। ਚੰਗੇ ਕਰਮਾਂ ਵਿੱਚ ਜ਼ਿਆਦਾ ਪ੍ਰਵਿਰਤ ਹੋਵਾਂਗੇ ਤਾਂ ਆਮ ਤੌਰ ਤੇ ਮਨ ਦੇ ਖਿਆਲਾਤ ਵੀ ਚੰਗੇ ਬਣਨਗੇ। ਮਨ ਚੰਗੇ ਫੁਰਨੇ ਉਠਾਏਗਾ। ਜ਼ਿਆਦਾ ਮਾੜੇ ਕਰਮਾਂ ਵਿੱਚ ਮਨ ਦੇ ਖਿਆਲਾਤ ਵੀ ਆਮ ਤੌਰ ਤੇ ਮਾੜੇ ਹੋਣਗੇ। ਇਸ ਕਰਕੇ ਮਨ ਦੀ ਪਤ੍ਰੀ ਨੂੰ ਸਦਾ ਵਾਚਦੇ ਰਹਿਣਾ ਚਾਹੀਦਾ ਹੈ। ਜੀਵ ਜਦ ਮ੍ਰਿਤੂ ਉਪਰੰਤ ਪਰਲੋਕ ਜਾਂਦਾ ਹੈ, ਅੰਤਸ਼ਕਰਣ ਵਿੱਚ ਸਾਰੇ ਕਰਮ ਨਾਲ ਜਾਂਦੇ ਹਨ, ਭਾਵੇਂ ਮਾੜੇ ਹੋਣ ਭਾਵੇਂ ਚੰਗੇ ਹੋਣ। ਉੱਥੇ ਸੱਚ ਦੀ ਤੱਕੜੀ ਤੇ ਇਨ੍ਹਾਂ ਕਰਮਾਂ ਨੂੰ ਤੋਲਿਆ ਜਾਂਦਾ ਹੈ। ਮਤਾਂ ਕੋਈ ਸੋਚੇ ਕਿ ਲੇਖਾ ਹੋਣਾ ਹੈ ਜਾਂ ਨਹੀਂ ਹੋਣਾ ਜਾਂ ਲੁੱਕ ਕੇ ਕੀਤੇ ਕਰਮਾਂ ਦਾ ਪਰਲੋਕ ਵਿੱਚ ਪਤਾ ਨਹੀਂ ਲੱਗਣਾ। ਜੋ ਗੁਰ ਸੰਗਤ ਵਿੱਚ ਆਉਂਦੇ ਹਨ, ਗੁਰਬਾਣੀ ਸਰਵਣ ਕਰਦੇ ਹਨ, ਗੁਰ ਉਪਦੇਸ਼ ਕਮਾਉਂਦੇ ਹਨ ਉਹ ਬਾਜੀ ਜਿੱਤ ਕੇ ਜਾਂਦੇ ਹਨ। ਸੋ, ਹਰ ਗੱਲ ਨੂੰ ਗੁਰਮਤਿ ਦੇ ਪ੍ਰਕਾਸ਼ ਵਿੱਚ ਦੇਖਣਾ ਹੈ।"

ਇਸ ਤਰ੍ਹਾਂ ਮਹਾਂਪੁਰਖ ਘਰਾਂ ਵਿੱਚ ਵੀ ਜਾਂਦੇ ਤਾਂ ਗੁਰਮਤਿ ਨਾਲ ਹੀ ਜੋੜਦੇ। ਨੇੜੇ ਦੇ ਘਰਾਂ ਤੋਂ ਵੀ ਪ੍ਰੇਮੀ ਆਏ ਹੁੰਦੇ, ਉਹ ਵੀ ਲਾਹਾ ਪ੍ਰਾਪਤ ਕਰਦੇ। ਕਿਸੇ ਦੇ ਮਨ ਵਿੱਚ ਕੋਈ ਸ਼ੰਕਾ ਜਾਂ ਪ੍ਰਸ਼ਨ ਹੁੰਦਾ, ਬੇਨਤੀ ਕਰਦਾ। ਬਾਬਾ ਜੀ ਉਸਦਾ ਸ਼ੰਕਾ ਤਾਂ ਨਵਿਰਤ ਕਰਦੇ ਹੀ ਬਾਕੀ ਸਾਰਿਆਂ ਨੂੰ ਵੀ ਸੁਮੱਤ ਪ੍ਰਾਪਤ ਹੁੰਦੀ।

ਸ੍. ਜਵਾਲਾ ਸਿੰਘ, ਜਿੰਨਾਂ ਨੂੰ ਭਗਤ ਵੀ ਕਹਿੰਦੇ ਸਨ, ਮਹਾਂਪੁਰਖਾਂ ਨੂੰ ਦੀਵਾਨ ਸਮੇਂ ਲੈ ਕੇ ਜਾਣ ਅਤੇ ਆਉਣ ਦੀ ਸੇਵਾ ਆਪਣੀ ਕਾਰ ਰਾਹੀਂ ਕਰਦੇ ਸਨ। ਬੜੇ ਸੱਜਣ ਪੁਰਖ ਸਨ। ਉਨ੍ਹਾਂ ਦੀਆਂ ਪੰਜ ਧੀਆਂ ਸਨ। ਸਮਾਜ ਦੀ ਬਣਤਰ ਐਸੀ ਹੈ ਕਿ ਹਰ ਗ੍ਰਿਹਸਥੀ ਪੁੱਤਰ ਜ਼ਰੂਰ ਚਾਹੁੰਦਾ ਹੈ। ਐਸੇ ਵੀ

*—ਬਾਕੀ ਹਿੱਸਾ ਪੰਨਾ 30 'ਤੇ ਪੜ੍ਹੋ ਜੀ*

ਸਿੱਖਾਂ ਦੇ ਸਵਾਲ,
ਸਤਿਗੁਰਾਂ ਦੇ ਜਵਾਬ

# ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਹੋ ਜਾਈਏ, ਸਾਰੇ ਵਿਕਾਰ ਆਪੇ ਭੱਜ ਜਾਣਗੇ

(ਵੀ.ਸੀ.ਡੀ. 481)

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

—ਜਸਵਿੰਦਰ ਸਿੰਘ
(ਪਟਿਆਲਾ)

*ਬਾਪੁ ਹਮਾਰਾ ਸਦ ਚਰੰਜੀਵੀ ॥*
*ਭਾਈ ਹਮਾਰੇ ਸਦ ਹੀ ਜੀਵੀ ॥*
*ਮੀਤ ਹਮਾਰੇ ਸਦਾ ਅਬਿਨਾਸੀ ॥*
*ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥੧॥*
*ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥*
*ਗੁਰਿ ਪੂਰੈ ਪਿਤਾ ਸੰਗਿ ਮੇਲੇ ॥੧॥ ਰਹਾਉ ॥*
*ਮੰਦਰ ਮੇਰੇ ਸਭ ਤੇ ਊਚੇ ॥*
*ਦੇਸ ਮੇਰੇ ਬੇਅੰਤ ਅਪੂਛੇ ॥*
*ਰਾਜੁ ਹਮਾਰਾ ਸਦ ਹੀ ਨਿਹਚਲੁ ॥*
*ਮਾਲੁ ਹਮਾਰਾ ਅਖੂਟੁ ਅਬੇਚਲੁ ॥੨॥*
*ਸੋਭਾ ਮੇਰੀ ਸਭ ਜੁਗ ਅੰਤਰਿ ॥*
*ਬਾਜ ਹਮਾਰੀ ਥਾਨ ਥਨੰਤਰਿ ॥*
*ਕੀਰਤਿ ਹਮਰੀ ਘਰਿ ਘਰਿ ਹੋਈ ॥*
*ਭਗਤਿ ਹਮਾਰੀ ਸਭਨੀ ਲੋਈ ॥੩॥*
*ਪਿਤਾ ਹਮਾਰੇ ਪ੍ਰਗਟੇ ਮਾਝ ॥*
*ਪਿਤਾ ਪੂਤ ਰਲਿ ਕੀਨੀ ਸਾਂਝ ॥*
*ਕਹੁ ਨਾਨਕ ਜਉ ਪਿਤਾ ਪਤੀਨੇ ॥*
*ਪਿਤਾ ਪੂਤ ਏਕੈ ਰੰਗਿ ਲੀਨੇ ॥੪॥੯॥੨੨॥*

*(ਅੰਗ ੧੧੪੧)*

*ਧੰਨ ਧੰਨ ਮਾਤਾ ਗੁਜਰ ਕੌਰ ਜੀ।*
*ਧੰਨ ਧੰਨ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ।*
*ਧੰਨ ਧੰਨ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ।*
*ਧੰਨ ਧੰਨ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ।*
*ਧੰਨ ਧੰਨ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ।*

ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਕਿੱਥੇ ਪਹੁੰਚ ਗਏ:

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ ॥*
*ਤਿਨ੍ ਕੀ ਸੋਭਾ ਸਭਨੀ ਥਾਈ*
*ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥*

*(ਅੰਗ ੭੪੮)*

ਜੋ ਉਹ ਕਹਿ ਦੇਣ, ਰੱਬ ਨੂੰ ਮੰਨਣਾ ਪੈਂਦਾ ਹੈ। ਚਾਬੀਆਂ ਆ ਗਈਆਂ।

***ਕਹੁ ਨਾਨਕ ਸੰਤਨ ਬਲਿਹਾਰੈ ਜੋ ਪ੍ਰਭ ਕੇ ਸਦ ਸੰਗੀ ॥੨॥੩॥***

*(ਅੰਗ ੧੩੨੨)*

ਤੁਸੀਂ ਅਨੁਭਵ ਕਰਕੇ ਵੇਖਿਓ, ਭਾਈ ਆਪਣੀ ਜਗ੍ਹਾ, ਭੈਣਾਂ ਆਪਣੀ ਜਗ੍ਹਾ। ਥੋੜ੍ਹਾ ਜਿਹਾ

ਇਹ ਅਹਿਸਾਸ ਬਣਾਉਣਾ, ਬਾਬਾ ਅਜੀਤ ਸਿੰਘ ਜੀ ਮੇਰੇ ਭਾਈ ਹਨ। ਬਾਬਾ ਜੁਝਾਰ ਸਿੰਘ ਜੀ ਮੇਰੇ ਭਾਈ ਹਨ। ਬਾਬਾ ਜ਼ੋਰਾਵਰ ਸਿੰਘ ਜੀ ਮੇਰੇ ਭਾਈ ਹਨ। ਬਾਬਾ ਫਤਹਿ ਸਿੰਘ ਜੀ ਮੇਰੇ ਭਾਈ ਹਨ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਕਹਿੰਦਾ ਹੈ, ਤੁਹਾਡੇ ਅੰਦਰ ਇੱਕ ਬਲ ਆ ਜਾਵੇਗਾ, ਜਿਨ੍ਹਾਂ ਕੋਲ ਚਾਬੀਆਂ ਹਨ, ਜਿਵੇਂ ਉਨ੍ਹਾਂ ਨਾਲ ਮੇਰੀ ਯਾਰੀ ਪੈ ਗਈ ਹੈ। ਦੂਸਰਾ ਅਹਿਸਾਸ ਬਣਾਉਣਾ, ਇਹ ਮੇਰੇ ਭਾਈ ਹਨ, ਸਾਧ ਸੰਗਤ ਜੀ, ਤੁਹਾਡੇ ਵਿਕਾਰਾਂ ਨੂੰ ਠੱਲ੍ਹ ਪੈ ਜਾਵੇਗੀ। ਦਾਸ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਤੁਹਾਡਾ ਅੰਮ੍ਰਿਤ ਵੇਲੇ ਜੇ ਜਾਗਣਾ ਔਖਾ ਹੈ, ਸੌਖਾ ਹੋ ਜਾਵੇਗਾ, ਜੇ ਸਾਹਿਬਜ਼ਾਦਿਆਂ ਨੂੰ ਭਾਈ ਬਣਾ ਲਵੋਗੇ। ਆਪ ਆ ਕੇ ਉਠਾਉਣਗੇ। ਵਿਕਾਰਾਂ ਨੂੰ ਠੱਲ੍ਹ ਪੈ ਜਾਵੇਗੀ। ਵਾਸ਼ਨਾਵਾਂ, ਵਿਕਾਰ ਜਿਹੜੇ ਸਾਡੇ ਪੁੰਨ ਡੋਲਦੇ ਹਨ ਉਨ੍ਹਾਂ ਤੇ ਕਾਬੂ ਪੈ ਜਾਵੇਗਾ। ਇਹ ਦਿਨ ਉਹ ਹਨ, ਉਨ੍ਹਾਂ ਦੀਆਂ ਸ਼ਹੀਦੀਆਂ ਯਾਦ ਕਰਕੇ ਮਨ ਨਰਮ ਹੋ ਜਾਂਦਾ ਹੈ, ਜਦੋਂ ਨਰਮ ਹੋ ਜਾਵੇ, ਵਿੱਚ ਨਾਮ ਪੈ ਜਾਂਦਾ ਹੈ। ਨਾਮ ਪੈ ਜਾਵੇ ਤੇ ਵਿਕਾਰ ਖਤਮ ਹੋ ਜਾਂਦੇ ਹਨ। ਆਓ ਅੱਜ ਉਨ੍ਹਾਂ ਨੂੰ ਭਾਈ ਬਣਾ ਕੇ ਬੇਨਤੀਆਂ ਕਰੀਏ :

***ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥***

*(ਅੰਗ ੩੨੮)*

***ਜੋ ਜਨ ਲੇਹਿ ਖਸਮ ਕਾ ਨਾਉ ॥***
***ਤਿਨ ਕੈ ਸਦ ਬਲਿਹਾਰੈ ਜਾਉ ॥੧॥***
***ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥***
***ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥***
***ਜਿਹ ਘਟ ਰਾਮੁ ਰਹਿਆ ਭਰਪੂਰਿ ॥***
***ਤਿਨ ਕੀ ਪਗ ਪੰਕਜ ਹਮ ਧੂਰਿ ॥੨॥***
***ਜਾਤਿ ਜੁਲਾਹਾ ਮਤਿ ਕਾ ਧੀਰੁ ॥***
***ਸਹਜਿ ਸਹਜਿ ਗੁਣ ਰਮੈ ਕਬੀਰੁ ॥੩॥੨੬॥***

*(ਅੰਗ ੩੨੮)*

ਬਾਬਾ ਅਜੀਤ ਸਿੰਘ ਜੀ ਕਹਿੰਦੇ:

***ਨਾਮ ਕਾ ਅਜੀਤ ਹੂੰ ਜੀਤਾ ਨਹੀਂ ਜਾਊਂਗਾ।***
***ਅਗਰ ਜੀਤਾ ਭੀ ਗਿਆ ਤੋ ਜੀਤਾ ਨਹੀਂ ਆਊਂਗਾ।***

ਬਾਬਾ ਜੁਝਾਰ ਸਿੰਘ ਜੀ ਨੇ ਜਾਣ ਵੇਲੇ ਕਿਹਾ:

***ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਆਤਾ ਹੈ।***
***ਗਲਾ ਤੇਗ ਪੇ ਰਖ ਕੇ ਕਟਾਨਾ ਤੋਂ ਆਤਾ ਹੈ।***

ਅੱਗੇ ਦਿਹਾੜੇ ਆ ਰਹੇ ਹਨ, ਪੋਹ ਦੀਆਂ ਰਾਤਾਂ, ਪੋਹ ਦੇ ਦਿਹਾੜੇ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੇਲੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ, ਪਰਿਵਾਰ ਵਿਛੜਨਾ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਤਾ ਗੁਜਰ ਕੌਰ ਦੀ ਸ਼ਹਾਦਤ। ਸਾਹਿਬਜ਼ਾਦਿਆਂ ਦੇ ਜਿਹੜੇ ਸ਼ਹੀਦੀ ਦਿਹਾੜੇ ਹਨ, ਤਕਰੀਬਨ ਇੱਕ ਪੋਹ ਤੋਂ ਕਾਰਜ ਸ਼ੁਰੂ ਹੋ ਜਾਂਦਾ ਹੈ। ਭਾਈ ਪਿੰਦਰਪਾਲ ਸਿੰਘ ਜੀ ਨੇ ਵੀ ਇਹ ਬਚਨ ਸੁਣਾਇਆ ਹੈ ਕਿ ਪੁਰਾਣੇ ਬਜ਼ੁਰਗ ਇਨ੍ਹਾਂ ਦਿਨਾਂ ਵਿੱਚ ਪਲੰਘ ਤੇ ਵੀ ਨਹੀਂ ਸਨ ਸੌਂਦੇ। ਇੰਨਾ ਉਨ੍ਹਾਂ ਦੇ ਅੰਦਰ ਇੱਕ ਵੈਰਾਗ, ਪਿਆਰ, ਸਾਹਿਬਜ਼ਾਦਿਆਂ ਪ੍ਰਤੀ ਕਿ ਤੁਸੀਂ 140 ਫੁੱਟ ਉੱਚੇ ਠੰਡੇ ਬੁਰਜ ਵਿੱਚ ਬੈਠੇ ਹੋਵੋ, ਜਿੱਥੇ ਕੰਬਲ ਵੀ ਕੋਈ ਨਹੀਂ। ਗਰਮ ਕੱਪੜਾ ਵੀ ਕੋਈ ਨਹੀਂ। ਉਨ੍ਹਾਂ ਦੀ ਆਪਣੀ ਇੱਕ ਪਿਆਰ ਭਰੀ ਸ਼ਰਧਾ। ਹੁਣ ਕਾਫੀ ਕਿਰਪਾ ਹੋ ਰਹੀ ਹੈ। ਇਹ ਵੈਰਾਗ ਭਰੇ, ਪਿਆਰ ਭਰੇ ਦਿਨਾਂ ਵਿੱਚ ਸ਼ਾਦੀ ਵਿਆਹ ਦੇ ਕਾਰਜ, ਮਹੂਰਤ ਦੇ ਕਾਰਜਾਂ ਨੂੰ ਬਹੁਤ ਸਾਰੇ ਸਿੱਖ ਵਿਸ਼ਰਾਮ ਦੇਣ ਲੱਗ ਪਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਉਨ੍ਹਾਂ ਪਾਵਨ



**ਚਾਰ ਸਾਹਿਬਜ਼ਾਦੇ**

ਅਸਥਾਨਾਂ ਤੇ ਦੀਵਾਨ ਸਜਾਏ ਜਾਂਦੇ ਹਨ। ਜਿੱਥੇ ਜਿੱਥੇ ਧੰਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਸਰਸਾ ਨਦੀ ਤੋਂ ਵਿਛੜ ਉਪਰੰਤ ਰਾਤਾਂ ਕੱਟੀਆਂ ਤੇ ਇਸ ਪ੍ਰੋਗਰਾਮ ਦਾ ਨਾਂ ਹੁੰਦਾ ਹੈ ਸਫ਼ਰ-ਏ-ਸ਼ਹਾਦਤ। ਪਹਿਲੀ ਰਾਤ ਜਿੱਥੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਰਹੇ ਹਨ। ਕੁੰਮਾ ਮਾਸ਼ਕੀ, ਬੇੜੀ ਚਲਾਉਣ ਵਾਲੇ ਦੀ ਛੰਨ। ਦੂਸਰੀ ਰਾਤ, ਸਹੇੜੀ ਗੰਗੂ ਬ੍ਰਾਹਮਣ ਦੇ ਘਰ ਜਿੱਥੇ ਰੁਕੇ ਸਨ, ਉੱਥੇ ਅੱਜ ਕੱਲ੍ਹ ਗੁਰਦਆਰਾ ਅਟਕ ਸਾਹਿਬ ਹੈ। ਤੀਜੀ ਰਾਤ, ਮੋਰਿੰਡੇ ਕੋਤਵਾਲੀ ਸਾਹਿਬ ਜਿੱਥੇ ਸਾਹਿਬਜ਼ਾਦਿਆਂ ਨੂੰ, ਮਾਤਾ ਜੀ ਨੂੰ ਹੱਥਕੜੀਆਂ ਲੱਗ ਗਈਆਂ। ਉਹ ਬੂਹਾ ਉਸੇ ਤਰ੍ਹਾਂ ਹੀ ਹੈ, ਜਿਵੇਂ ਕੈਦ ਸੀ। ਉਹ ਬੂਹਾ ਉਸੇ ਤਰ੍ਹਾਂ ਅੱਜ ਮੌਜੂਦ ਹੈ। ਉਹੀ ਇੱਟਾਂ ਲੱਗੀਆਂ ਹੋਈਆਂ ਹਨ ਜਿੱਥੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਰੱਖਿਆ ਗਿਆ। ਅਗਲੇ ਦਿਨ ਸ੍ਰੀ ਫਤਹਿਗੜ੍ਹ ਸਾਹਿਬ, ਜਿੱਥੇ ਠੰਡੇ ਬੁਰਜ ਵਿੱਚ ਰੱਖਿਆ ਗਿਆ। ਐਤਕੀਂ ਚਾਰ ਦਿਨਾਂ ਦੀ ਲੜੀ ਬਣਾਈ ਹੈ। ਕਿਸੇ ਨੂੰ ਸਿਰੋਪਾ ਨਹੀਂ, ਵਿਖਾਵਾ ਨਹੀਂ, ਕੁਝ ਨਹੀਂ ਕਿਉਂਕਿ ਇਹ ਦਿਨ ਪਿਆਰ ਭਿੱਜੇ ਵੈਰਾਗ ਦੇ ਹਨ।

ਪਹਿਲੀ ਬੇਨਤੀ ਹੈ ਕਿ ਚਾਰੇ ਸਾਹਿਬਜ਼ਾਦੇ ਇਤਨੀ ਵੱਡੀ ਸ਼ਖਸੀਅਤ ਹਨ ਕਿ ਜਿਨ੍ਹਾਂ ਬਾਰੇ ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਚਾਰੇ ਸਾਹਿਬਜ਼ਾਦੇ ਦਰਗਾਹੀ ਰੂਹਾਂ ਹਨ, ਦਰਗਾਹ ਤੋਂ ਡਿਊਟੀ ਲੈ ਕੇ ਆਏ ਹਨ। ਦੂਸਰੀ ਬੇਨਤੀ ਹੈ ਕਿ ਚਾਰੇ ਸਾਹਿਬਜ਼ਾਦਿਆਂ ਦੇ ਨਾਲ ਬਾਬਾ ਲਫਜ਼ ਵਰਤਿਆ ਜਾਂਦਾ ਹੈ। ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ। ਤੁਸੀਂ ਸਾਰਿਆਂ ਨੇ ਇਹੋ ਜਿਹੀ ਭਾਵਨਾ ਬਣਾਉਣੀ ਹੈ, ਉਮਰ ਭਾਵੇਂ ਸਾਡੀ ਵੱਡੀ ਹੈ ਪਰ ਅਸੀਂ ਬੱਚੇ ਹਾਂ, ਤੁਸੀਂ ਸਾਡੇ ਬਾਬੇ ਹੋ। ਅੰਦਰਲੀ ਕਮਾਈ ਵੱਲੋਂ ਬਾਬੇ ਹੋ। ਅੰਦਰਲੀ ਸੱਚਾਈ ਵੱਲੋਂ ਤੁਸੀਂ ਸਾਡੇ ਬਾਬੇ ਹੋ ਤੇ ਤੀਸਰੀ ਬੇਨਤੀ ਹੈ ਜਿਨ੍ਹਾਂ ਸ਼ਬਦਾਂ ਵਿੱਚ ਭਾਈ ਲਫਜ਼ ਆਵੇ-

***ਭਾਈ ਹਮਾਰੇ ਸਦ ਹੀ ਜੀਵੀ ॥***

***(ਅੰਗ ੧੧੪੧)***

ਉਦੋਂ ਇਹ ਭਾਵਨਾ ਬਣਾਉਣੀ ਹੈ, ਤੁਸੀਂ ਸਾਡੇ ਵੱਡੇ ਭਾਈ ਹੋ। ਉਮਰ ਭਾਵੇਂ ਛੋਟੀ ਹੈ ਪਰ ਆਪਣੇ ਆਪ ਨੂੰ ਅਸੀਂ ਛੋਟਾ ਗਿਣ ਕੇ ਤੁਸੀਂ ਸਾਡੇ ਵੱਡੇ ਭਾਈ ਹੋ। ਇਹ ਸਾਰੇ ਵੀਰ, ਸਾਰੀਆਂ ਭੈਣਾਂ, ਇਸ ਅਹਿਸਾਸ ਨੂੰ ਪ੍ਰਤੱਖ ਢਾਲ ਕੇ ਵੇਖਣਾ, ਤੁਹਾਡਾ ਦਿਲ ਹੀ ਨਹੀਂ ਕਰੇਗਾ, ਕਿਸੇ ਦਾ ਦਿਲ ਤੋੜਨ ਤੇ। ਮੈਂ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਭੈਣ ਹੋਵਾਂ ਤੇ ਮੇਰਾ ਜੀਵਨ ਕਿਤੇ ਇਹ ਨਾ ਹੋਵੇ:

***ਮੁਖਿ ਨਿੰਦਕ ਕੈ ਛਾਈ ॥੨॥੨੨॥੧੬॥***

***(ਅੰਗ ੬੨੯)***

ਇਹ ਪੰਕਤੀ ਮੇਰੇ ਵੱਲ ਨਾ ਆਵੇ। ਮੇਰੇ ਵੱਲ ਤਾਂ ਉਹ ਪੰਕਤੀ ਆਵੇ:

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***

***(ਅੰਗ ੧੩੮੨)***

ਇਹ ਅਹਿਸਾਸ ਕਰਕੇ ਵੇਖਣਾ, ਸਾਹਿਬਜ਼ਾਦੇ ਸਾਡੇ ਵੱਡੇ ਭਾਈ ਹਨ, ਸਾਡੇ ਬਾਬੇ ਹਨ। ਸੰਗਤ ਜੀ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਤੁਹਾਨੂੰ ਇੰਝ ਲੱਗੇਗਾ, ਜਿਵੇਂ ਚਾਰ ਵਜੇ ਤੁਹਾਨੂੰ ਬਾਬਾ ਫਤਹਿ ਸਿੰਘ ਜੀ ਉਠਾਉਣ ਆ ਗਏ ਹਨ, ਉੱਠੋ ਬਈ। ਜੇ ਤੂੰ ਮੇਰਾ ਭਾਈ ਹੈਂ, ਉੱਠ ਫਿਰ। ਅੰਮ੍ਰਿਤ ਵੇਲੇ ਤੋਂ ਬਿਨਾਂ ਭਾਈ ਭਾਈ ਦੀ ਫਿਰ ਯਾਰੀ ਨਹੀਂ ਨਿਭਦੀ। ਇਹੋ ਜਿਹਾ ਪਿਆਰ ਹੋਵੇ। ਇਹ ਤੁਹਾਡੇ ਮੇਰੇ ਲਈ ਮਾਣ ਵਾਲੀ ਗੱਲ ਹੈ। ਕਿਸੇ ਦਰਗਾਹ ਨਾਲ ਜੁੜੀ ਰੂਹ ਜਿਸ ਕੋਲ ਦਰਗਾਹ ਦੀਆਂ ਕੁੰਜੀਆਂ ਹਨ, ਉਹ ਸਾਡੇ ਬਾਬੇ ਬਣ ਜਾਣ, ਜਿਨ੍ਹਾਂ ਕੋਲ ਦਰਗਾਹ ਦੀਆਂ ਕੁੰਜੀਆਂ ਹਨ, ਉਹ ਸਾਡੇ ਵੱਡੇ ਭਾਈ ਬਣ ਗਏ।

ਦਾਸ ਕਾਫੀ ਸਮਾਂ ਪਹਿਲਾਂ ਬੜੌਦੇ ਗਿਆ ਸੀ। ਉੱਥੇ ਇੱਕ ਸੱਜਣ ਨੇ ਦਾਸ ਨੂੰ ਛੋਟਾ ਜਿਹਾ ਬੈਚ (ਬਿਲਾ) ਦਿੱਤਾ। ਕਾਗਜ਼ ਦਾ ਨਹੀਂ, ਕਿਸੇ ਧਾਤੂ ਦਾ। ਉਸ ਤੇ ਇੱਕ ਗੱਲ ਬੜੀ ਪਿਆਰੀ ਲਿਖੀ ਹੋਈ ਸੀ। ਦਾਸ ਕੋਲ ਹੈ। ਤੁਸੀਂ ਸਾਰੇ ਵੇਖੋ ਉਸ ਬੈਚ (ਬਿਲੇ) ਨੂੰ ਤੇ ਉਸ ਤੇ ਲਿਖਿਆ ਹੈ, ਮੈਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦਾ ਵੀਰ ਹਾਂ। ਦਾਸ ਉਸ ਵੀਰ ਦੇ ਦਿਮਾਗ ਦੀ ਦਾਦ ਦਿੰਦਾ ਹੈ। ਦਾਸ ਦਾ ਬੜਾ ਮਨ ਸੀ ਕਿ ਇਨ੍ਹਾਂ ਸ਼ਹੀਦੀ ਦਿਹਾੜਿਆਂ ਵਿੱਚ ਲੱਖਾਂ ਵਿੱਚ ਇਸ ਨੂੰ ਛਪਵਾ ਕੇ ਲਗਾਉਣਾ ਕਿ ਵਾਕਿਆ ਹੀ ਸਾਹਿਬਜ਼ਾਦੇ ਮੇਰੇ ਭਾਈ ਹਨ। ਜੇ ਸਾਹਿਬਜ਼ਾਦੇ ਮੇਰੇ ਭਾਈ ਹਨ ਤੇ ਉਹ ਕਦੀ ਨਹੀਂ ਦਾਹੜੀ ਕੱਟੇਗਾ। ਜਿਸ ਨੇ ਇਹ ਲਗਾਇਆ ਹੋਵੇ, ਮੈਂ ਸਾਹਿਬਜ਼ਾਦਾ ਫਤਹਿ ਸਿੰਘ ਜੀ ਦਾ ਛੋਟਾ ਵੀਰ ਹਾਂ, ਛੋਟਾ ਭਾਈ ਹਾਂ, ਮੈਂ ਉਨ੍ਹਾਂ ਦੀ ਭੈਣ ਹਾਂ, ਉਹ ਮੇਰੇ ਭਾਈ ਹਨ, ਉਸ ਬੀਬੀ ਦੇ ਹੱਥ ਕਦੀ ਆਈਬਰੋ ਬਣਾਉਣ ਵੱਲ ਨਹੀਂ ਜਾਣਗੇ। ਲਾਭ ਹੀ ਲਾਭ ਹੈ। ਫਾਇਦਾ ਹੀ ਫਾਇਦਾ ਹੈ। ਉਹ ਲਗਾਵੇ ਜਿਸ ਨੇ ਵਾਕਿਆ ਹੀ ਭਾਈ ਬਣਾਇਆ ਹੋਵੇ। ਉਹ ਫਿਰ ਸਾਡੀ ਰਾਖੀ ਵੀ ਕਰਨਗੇ। ਸਾਡੇ ਪੜਦੇ ਵੀ ਕੱਜਣਗੇ। ਕਲਾ ਵੀ ਵਰਤਾਉਣਗੇ। ਮਿਹਰ ਵੀ ਕਰਨਗੇ।

ਗੁਰਦੁਆਰਾ ਕੋਤਵਾਲੀ ਸਾਹਿਬ, ਮੋਰਿੰਡੇ ਜਿੱਥੇ ਮਾਤਾ ਜੀ, ਛੋਟੇ ਸਾਹਿਬਜ਼ਾਦਿਆਂ ਨੇ ਆਪਣੇ ਨਰਮ ਨਰਮ ਹੱਥਾਂ ਨਾਲ ਸੀਖਾਂ ਫੜੀਆਂ ਸਨ। ਬਾਹਰ ਵੇਖ ਰਹੇ ਸੀ ਤੇ ਦਾਦੀ ਨੂੰ ਪੁੱਛਦੇ ਸੀ, ਅਸੀਂ ਕਿੱਥੇ ਆ ਗਏ ਹਾਂ? ਸਾਨੂੰ ਹੱਥਕੜੀਆਂ ਕਿਉਂ ਲੱਗੀਆਂ ਹਨ? ਅਸੀਂ ਕੀ ਕੀਤਾ ਹੈ? ਸਾਨੂੰ ਕਿਉਂ ਡੱਕ ਦਿੱਤਾ ਹੈ? ਗੁਰਦੁਆਰਾ ਕੋਤਵਾਲੀ ਸਾਹਿਬ, ਮੋਰਿੰਡੇ ਇੱਕ ਗੁਰਮੁਖ ਰੂਹ ਨੇ ਬੜੀ ਪਿਆਰੀ ਗੱਲ ਕਹੀ, ਕਹਿੰਦੇ ਕਿ ਜਿਹੜਾ ਦਸਤਾਰ ਨਹੀਂ ਬੰਨਦਾ, ਉਹ ਇੰਨਾ ਹੀ ਕਹਿ ਦਿਓ, ਸਾਹਿਬਜ਼ਾਦਿਓ, ਇਹ ਮਹੀਨਾ ਮੈਂ ਦਸਤਾਰ ਬੰਨਿਆ ਕਰਾਂਗਾ, ਕਹਿੰਦੇ, ਕੋਈ ਪਤਾ ਨਹੀਂ, ਉਹ ਇੱਕ ਮਹੀਨੇ ਦੀ ਸਜਾਈ ਦਸਤਾਰ ਤੇ ਸਾਹਿਬਜ਼ਾਦਿਆਂ ਦੀ ਇਹੋ ਜਿਹੀ ਖੁਸ਼ੀ ਮਿਲ ਜਾਵੇ ਕਿ ਉਹ ਦਸਤਾਰ ਹਮੇਸ਼ਾ ਹਮੇਸ਼ਾ ਹੀ ਸੰਭਾਲਣ ਵਾਲਾ ਬਣ ਜਾਵੇ। ਇਹ ਉਹ ਦਿਨ ਹਨ। ਜੇ ਕਿਸੇ ਕੋਲੋਂ ਰੋਮਾਂ ਦੀ ਬੇਅਦਬੀ ਹੋ ਰਹੀ ਹੈ ਤੇ ਉਹ ਕਹੇ ਕਿ ਸਾਹਿਬਜ਼ਾਦਿਓ ਕਿ ਇਸ ਮਹੀਨੇ ਮੈਂ ਰੋਮਾਂ ਦੀ ਬੇਅਦਬੀ ਨਹੀਂ ਕਰਾਂਗਾ, ਕੋਈ ਪਤਾ ਨਹੀਂ, ਉਸ ਮਹੀਨੇ ਤੇਰੀ ਇਹੋ ਜਿਹੀ ਬੈਟਰੀ ਚਾਰਜ ਕਰ ਦੇਣ, ਤੇਰੀ ਸਿੱਖੀ ਅਖੀਰਲੇ ਸਵਾਸ ਤੱਕ ਨਿਭ ਜਾਵੇ। ਇਹ ਮਹੀਨਾ ਔਗੁਣ ਛਡਣ ਦਾ ਹੈ। ਤਿਆਗਣ ਦਾ ਹੈ। ਵੈਰਾਗ ਦਾ ਹੈ। ਪਿਆਰ ਦਾ ਹੈ। ਕੋਈ ਅਫਸੋਸ ਨਹੀਂ, ਵੈਰਾਗ। ਉਸ ਵੈਰਾਗ ਵਿੱਚ

ਮਨ ਨਰਮ ਹੋ ਜਾਵੇ ਤੇ ਨਰਮ ਮਨ ਵਿੱਚ ਕਲਗੀਧਰ ਪਾਤਸ਼ਾਹ ਜੀ ਦੋਵੇਂ ਮੁੱਠਾਂ ਖੋਲ੍ਹ ਕੇ ਨਾਮ ਦਾ ਬੀਜ ਪਾ ਦੇਣ। ਨਾਮ ਚੱਲ ਪਵੇ। ਸਾਰੀ ਸੰਗਤ ਨੂੰ ਬੇਨਤੀ ਹੈ ਸਾਰੇ ਮਿਲ ਕੇ ਚਾਰ ਸਾਹਿਬਜ਼ਾਦਿਆਂ ਨਾਲ ਗੱਲਾਂ ਕਰੋ ਤੇ ਨਾਲ ਬੇਨਤੀ ਕਰੋ:

***ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥***

*(ਅੰਗ ੩੨੮)*

ਸਾਡੇ ਭਾਈ ਕਿੰਨੇ ਅਮੀਰ ਹਨ। ਜੇ ਤੁਸੀਂ ਉਨ੍ਹਾਂ ਨੂੰ ਭਾਈ ਬਣਾਉਗੇ ਤੇ ਉਹ ਕਿੰਨੇ ਅਮੀਰ ਹਨ:

***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥***
***ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥***

*(ਅੰਗ ੨੯੫)*

***ਅਨਹਦ ਬਾਣੀ ਪੂੰਜੀ ॥***
***ਸੰਤਨ ਹਥਿ ਰਾਖੀ ਕੂੰਜੀ ॥੨॥***

*(ਅੰਗ ੮੯੩)*

ਹਕੀਕਤ ਹੈ, ਮਾਤਾ ਗੁਜਰ ਕੌਰ ਜੀ ਦੇ ਹੱਥ ਕੂੰਜੀਆਂ ਹਨ। ਬੜੀ ਉਨ੍ਹਾਂ ਦੀ ਤਪੱਸਿਆ ਹੈ। ਚਾਰੇ ਸਾਹਿਬਜ਼ਾਦਿਆਂ ਦੇ ਹੱਥ ਕੂੰਜੀਆਂ ਹਨ।

***ਪਉੜੀ ॥***
***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥***
***ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥***
***ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥***
***ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥***
***ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥***
***ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥***
***ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੯॥***

*(ਅੰਗ ੫੨੨)*

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਇੱਕ ਸਿੱਖ ਆਇਆ।

***ਕਾਲੋ ਸੀ ਬਡ ਸੂਰਮਾ।***
***ਕੂਕਾ ਜਿਸ ਕੀ ਜਾਤ।***
***ਸ੍ਰੀ ਅਰਜਨ ਕੋ ਨਮਹੋ ਕਰ***
***ਪੂਜਤ ਭਇਓ ਬਿਰਤਾਂਤ।***

ਕਾਲੋ ਉਸ ਦਾ ਨਾਂ ਸੀ। ਜਾਤ ਸੀ, ਕੂਕਾ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਨਮਸਕਾਰ ਕਰਕੇ ਬੈਠ ਗਿਆ। ਕਹਿਣ ਲੱਗਾ, ਸਤਿਗੁਰੂ ਜੀ, ਮੈਂ ਇੱਕ ਪ੍ਰਸ਼ਨ ਪੁੱਛਣਾ ਹੈ। ਇਹ ਪ੍ਰਸ਼ਨ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਹੋ ਜਾਵੇਗਾ। ਸਤਿਗੁਰੂ ਜੀ ਕਹਿੰਦੇ, ਦੱਸੋ, ਭਾਈ ਕਾਲੋ ਜੀ। ਉਸ ਨੇ ਕੀ ਪ੍ਰਸ਼ਨ ਕੀਤਾ, ਧਿਆਨ ਦੇਣਾ :

***ਮਰੈ ਜੁਧ ਮਹਿ ਜੋਧਾ ਸੋਇ।***
***ਕੋ ਪਦ ਤਿਸ ਕੋ ਪਰਾਪਤਿ ਹੋਇ।***
***ਕਹਾ ਜਾਇ ਸੁਖ ਕੇਤਕ ਪਾਵੈ।***

ਜਿਹੜਾ ਯੋਧਾ ਯੁੱਧ ਵਿੱਚ ਸ਼ਹੀਦੀ ਪਾਉਂਦਾ ਹੈ, ਸਤਿਗੁਰੂ ਜੀ ਉਸਨੂੰ ਕਿਹੜਾ ਪਦ ਮਿਲਦਾ ਹੈ? ਯੋਧਾ ਕਿੱਥੇ ਜਾਂਦਾ ਹੈ, ਕੀ ਸੁੱਖ ਪਾਉਂਦਾ ਹੈ? ਸਾਹਿਬਜ਼ਾਦਿਆਂ ਨਾਲ ਸੰਬੰਧਿਤ ਸਵਾਲ।

***ਸੁਨ ਸ੍ਰੀ ਮੁਖ ਤੇ ਤਾਹਿ ਬਤਾਵੈ।***

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਜਵਾਬ ਦਿੱਤਾ, ਉਸ ਨੂੰ ਫਿਰ ਕੀ ਪਦ ਮਿਲਦਾ ਹੈ? ਉਹ ਕਿਹੜਾ ਸੁੱਖ ਪਾਉਂਦੇ ਹਨ? ਸਤਿਗੁਰੂ ਜੀ ਜਵਾਬ ਦਿੰਦੇ ਹਨ:

***ਧਰਮ ਬੀਰਤਾ ਜਿਸ ਨੇ ਧਾਰਾ।***

ਜਿਸਨੇ ਧਰਮ ਦੀ ਬੀਰਤਾ ਧਾਰੀ ਹੈ।

***ਨਿਰਭੈ ਰਹਿਣ ਸੰਗਰਾਮ ਮਜਾਰਾ।***
***ਜੀਤੋ ਸ਼ਤਰ ਕਹਤ ਚਿਤ ਮਰਯੋ।***
***ਮਰਤ ਜੇ ਸਤਿਨਾਮ ਉਰਧਰਿਓ।***

ਇਹ ਸਤਿਗੁਰੂ ਜੀ ਨੇ ਨਿਸ਼ਾਨੀ ਦਿੱਤੀ,

ਅਸਲੀ ਯੋਧਾ ਉਹ ਹੈ ਜਿਹੜਾ ਧਰਮ ਲਈ ਲੜੇ, ਅਸਲੀ ਯੋਧਾ ਉਹ ਹੈ, ਜਿਸ ਨੂੰ ਲੜਨ ਵੇਲੇ ਉਸ ਹਰੀ ਦਾ ਨਾਮ ਨਾ ਵਿਸਰੇ। ਸਿਮਰਨ ਨਾ ਵਿਸਰੇ। ਮਰਨ ਵੇਲੇ ਵੀ ਉਸ ਦਾ ਸਿਮਰਨ ਚੱਲ ਰਿਹਾ ਹੋਵੇ।

***ਅੰਤਿ ਕਾਲਿ ਨਾਰਾਇਣੁ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ***
***ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥***

***(ਅੰਗ ੫੨੬)***

ਇਹ ਬੜੀ ਪਕੜ ਵਾਲੀ ਗੱਲ ਹੈ ਕਿ ਨਾਮ ਨੂੰ ਵਡਿਆਈ ਦਿੱਤੀ ਹੈ। ਤੁਹਾਡੇ ਵਿੱਚੋ, ਤੁਸੀਂ ਵੀ ਉਹ ਯੋਧੇ ਹੋ, ਜਿਹੜੇ ਆਲਸ ਨਾਲ ਜੰਗ ਕਰਦੇ ਹਨ। ਤੁਹਾਡੇ ਵਿੱਚੋਂ, ਉਹ ਯੋਧੇ ਹਨ ਜਿਹੜੇ ਕਦੀ ਕਦੀ ਔਗੁਣਹਾਰੇ ਨੂੰ ਵੀ ਗਲ ਨਾਲ ਲਗਾਉਂਦੇ ਹਨ। ਤੁਹਾਡੇ ਵਿੱਚੋਂ ਉਹ ਵੀ ਯੋਧੇ ਹਨ, ਤੁਹਾਡੀਆਂ ਅੱਖਾਂ ਸਾਹਮਣੇ ਕੋਈ ਵਿਅਕਤੀ ਤੁਹਾਡੇ ਨਾਲ ਵਲ ਛਲ ਕਰਕੇ ਤੁਹਾਡੇ ਕੋਲੋਂ ਕੁਝ ਲੈ ਰਿਹਾ ਹੈ, ਕਹਿੰਦੇ, ਹੇ ਵਾਹਿਗੁਰੂ, ਚੱਲ ਕੋਈ ਨਹੀਂ, ਇਸ ਦਾ ਵੀ ਭਲਾ ਹੋ ਜਾਵੇ, ਉਸ ਵੇਲੇ ਜੋ ਇਸ ਨੂੰ ਅਣਡਿੱਠ ਕਰ ਦਿੰਦੇ ਹਨ, ਉਹ ਵੀ ਯੋਧੇ ਹਨ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਤੁਹਾਡੀ ਨੂੰਹ ਨੇ ਜਿਹੜੇ ਚੰਗੇ ਮਾੜੇ ਲਫਜ਼ ਬੋਲੇ ਹਨ ਪਰ ਤੁਸੀਂ ਉਸ ਗੱਲ ਨੂੰ ਵਧਾ ਕੇ ਕਲੇਸ਼ ਨਹੀਂ ਵਧਾਇਆ, ਅਗਲੇ ਦਿਨ ਆਪਣੇ ਆਪ ਨੂੰ ਚੇਂਜ ਕਰ ਲਿਆ ਹੈ, ਤੁਸੀਂ ਵੀ ਯੋਧੇ ਹੋ। ਇਸੇ ਤਰ੍ਹਾਂ ਨੂੰਹ ਵਾਸਤੇ ਸੱਸ ਪ੍ਰਤੀ ਫਰਜ਼। ਉਸ ਨੇ ਕੋਈ ਸਖਤ ਲਫਜ਼ ਕਹਿ ਦਿੱਤਾ ਹੈ ਤੇ ਉਸ ਨੇ ਮੌਕਾ ਵੇਖ ਕੇ ਉਸ ਨੂੰ ਕਵਰ ਕਰ ਲਿਆ ਹੈ, ਖਲ੍ਹੇਰੇ ਨੂੰ ਵਧਣ ਨਹੀਂ ਦਿੱਤਾ, ਉਹ ਨੂੰਹ ਵੀ ਯੋਧਾ ਹੈ। ਸਮਝਣਾ, ਇੱਕ ਜੰਗ ਬਾਹਰ ਹੈ, ਇੱਕ ਜੰਗ ਤੇਰੇ ਅੰਦਰ ਹਰ ਵੇਲੇ ਚੱਲ ਰਹੀ ਹੈ। ਕਿਧਰੇ ਉਸ ਦਾ ਨਾਂ ਹੈ, ਦਇਆ। ਕਿਧਰੇ ਉਸ ਦਾ ਨਾਂ ਹੈ, ਨਿਰਵੈਰਤਾ। ਕਿਧਰੇ ਉਸ ਦਾ ਨਾਂ ਹੈ, ਨਿਮਰਤਾ। ਕਿਧਰੇ ਉਸ ਦਾ ਨਾਂ ਹੈ, ਸੰਤੋਖ। ਕਿਧਰੇ ਉਸ ਦਾ ਨਾਂ ਹੈ, ਆਪਣੇ ਆਪ ਨੂੰ ਛੁਪਾਉਣਾ। ਬਿੱਧ ਬਣ ਗਈ। ਇੰਨਾ ਰੁਝੇਵਾਂ, ਸਾਰਾ ਦਿਨ ਰੋਟੀ ਨਹੀਂ ਮਿਲੀ। ਰੁਝੇਵਾਂ ਵੀ ਧਾਰਮਿਕ। ਦਸਾਂ ਨੂੰ ਸੁਣਾ ਦਿੱਤਾ, ਮੈਂ ਤਾਂ ਇੰਨਾ ਧਾਰਮਿਕ ਕੰਮ ਵਿੱਚ ਰੁਝਿਆ ਰਿਹਾ ਹਾਂ ਕਿ ਸਾਰਾ ਦਿਨ ਰੋਟੀ ਨਹੀਂ ਖਾਧੀ, ਇਸ ਦਾ ਭਾਵ ਕਿ ਤੂੰ ਜੰਗ ਹਾਰ ਗਿਆ ਸਗੋਂ ਤੂੰ ਕਿਸੇ ਨੂੰ ਨਹੀਂ ਸੁਣਾਉਣਾ, ਆਪਣੇ ਆਪ ਨੂੰ ਛੁਪਾਉਣਾ ਹੈ, ਪ੍ਰਗਟ ਨਹੀਂ ਕਰਨਾ, ਫਿਰ ਤੂੰ ਅੰਦਰਲੀ ਜੰਗ ਜਿੱਤ ਗਿਆ। ਇਹ ਨਿੱਕੀਆਂ ਨਿੱਕੀਆਂ ਜੰਗਾਂ ਹਨ ਤੇ ਜਿਹੜੇ ਇਨ੍ਹਾਂ ਜੰਗਾਂ ਨਾਲ ਜੂਝਦੇ ਹਨ, ਇਹ ਵੀ ਯੋਧੇ ਹਨ। ਆਓ ਹੁਣ ਫਿਰ ਉੱਥੇ ਆ ਜਾਈਏ।

***ਧਰਮ ਬੀਰਤਾ ਜਿਸ ਨੇ ਧਾਰਾ।***
***ਨਿਰਭੈ ਰਹਿਣ ਸੰਗਰਾਮ ਮਜਾਰਾ।***
***ਜੀਤੋ ਸ਼ਤਰ ਕਹਤ ਚਿਤ ਮਰਯੋ।***
***ਮਰਤ ਜੇ ਸਤਿਨਾਮ ਉਰਧਰਿਓ।***

ਇਹ ਬੜੀ ਵੱਡੀ ਗੱਲ ਹੈ। ਨਾਮ ਨੂੰ ਬਾਬਾ ਜੀ ਨੇ ਨਹੀਂ ਛੱਡਿਆ, ਭਾਵੇਂ ਅੰਦਰਲੀ ਜੰਗ ਹੈ ਜਾਂ ਬਾਹਰਲੀ ਜੰਗ ਹੋਵੇ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ, ਨਾਮ ਚੇਤੇ ਰੱਖੋ। ਨਾਮ ਤੋਂ ਬਿਨਾਂ ਸ਼ਿੰਗਾਰ ਕਿਸੇ ਕੰਮ ਨਹੀਂ। ਹੁਣ ਧਿਆਨ ਦੇਣਾ, ਉਸ ਦਾ ਸਵਾਲ ਸੀ:

***ਮਰੈ ਜੁਧ ਮਹਿ ਜੋਧਾ ਸੋਇ।***
***ਕੋ ਪਦ ਤਿਸ ਕੋ ਪਰਾਪਤਿ ਹੋਇ।***
***ਕਹਾ ਜਾਇ ਸੁਖ ਕੇਤਕ ਪਾਵੈ।***

ਉਹ ਯੋਧੇ, ਉਨ੍ਹਾਂ ਨੂੰ ਕੀ ਪਦ ਮਿਲਦਾ ਹੈ? ਉਹ ਕਿੱਥੇ ਜਾਂਦੇ ਹਨ? ਜਿਹੜੇ ਸੁੱਖ ਪਾਉਂਦੇ ਹਨ? ਆ ਵੇਖ ਲੈਣਾ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ। ਸਤਿਗੁਰੂ ਜੀ ਅਗਲੀਆਂ

ਪੰਕਤੀਆਂ ਵਿੱਚ ਜਵਾਬ ਦੇਣ ਲੱਗੇ ਹਨ:

***ਪਰਾਪਤ ਹੋਤ ਪਰਮਗਤ ਸੋਇ।***

***ਜਨਮ ਜਨਮ ਕੇ ਪਾਪਣ ਧੋਇ।***

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਜਿਹੜਾ ਯੋਧਾ ਨਾਮ ਨਾਲ ਜੁੜਿਆ ਹੈ, ਸੱਚ ਲਈ ਜੰਗ ਕਰ ਰਿਹਾ ਹੈ। ਉਸ ਨੂੰ ਪਰਮਗਤੀ ਦੀ ਪ੍ਰਾਪਤੀ ਹੁੰਦੀ ਹੈ ਤੇ ਜਨਮਾਂ ਜਨਮਾਂ ਦੇ ਪਾਪ ਉਸ ਦੇ ਧੋਤੇ ਜਾਂਦੇ ਹਨ। ਅਗਲੀ ਗੱਲ ਸੁਣਨਾ ਜੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਅਗਲੀ ਗੱਲ ਪੜ੍ਹ ਦੇ ਦਾਸ ਕਹੇਗਾ ਕਿ ਵਾਕਿਆ ਹੀ ਚਾਬੀਆਂ ਸਾਹਿਬਜ਼ਾਦਿਆਂ ਦੇ ਹੱਥ ਵਿੱਚ ਹਨ।

ਇਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਸ਼ਬਦ ਹਨ। ਸੱਚਾ ਸ਼ਹੀਦ, ਸੱਚਾ ਯੋਧਾ, ਉਹ ਕਿੱਥੇ ਜਾਂਦਾ ਹੈ? ਉਸ ਨੂੰ ਕਿਹੜਾ ਸੁੱਖ ਮਿਲਦਾ ਹੈ?

***ਦੋਨੋਂ ਲੋਕ ਸੁਰ ਭੁਜ ਧਰੇ।***

ਇਸ ਦਾ ਅਰਥ ਬੜਾ ਵੱਡਾ ਹੈ। ਭੁਜ ਕਹਿੰਦੇ ਹਨ, ਬਾਹਵਾਂ ਨੂੰ। ਸਤਿਗੁਰੂ ਜੀ ਆਖਦੇ ਹਨ, ਜਿਹੜਾ ਸ਼ਹੀਦ ਹੈ, ਜਿਹੜੇ ਸੱਚੇ ਯੋਧੇ ਹਨ, ਦੋਵਾਂ ਲੋਕਾਂ ਦੇ ਜਿੰਨੇ ਵੀ ਸੁੱਖ ਹਨ, ਉਸ ਸੂਰਮੇ ਦੀਆਂ ਬਾਹਵਾਂ ਦੇ ਹੇਠ ਹਨ। ਜਿਸ ਨੂੰ ਚਾਹੁਣ ਦੇ ਸਕਦੇ ਹਨ। ਦੋਵਾਂ ਲੋਕਾਂ ਦੇ ਸੁੱਖ ਹਨ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਦੀਆਂ ਬਾਹਵਾਂ ਦੇ ਥੱਲੇ।

***ਜੀਤੇ ਪ੍ਰਿਥਵੀ ਰਾਜ ਸੋ ਕਰੇ।***

ਉਹ ਸਾਰੀ ਪ੍ਰਿਥਵੀ ਨੂੰ ਜਿੱਤ ਲੈਂਦੇ ਹਨ। ਉਹ ਰਾਜੇ ਹਨ। ਸੰਗਤ ਜੀ, ਇਹ ਇੱਕ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਵੇਖ ਲਓ, ਉਮਰ ਕਿੰਨੀ ਹੈ। ਕਚਹਿਰੀ ਵਿੱਚ ਉਨ੍ਹਾਂ ਨੇ ਛੋਟੀ ਬਾਰੀ ਵਿੱਚੋਂ ਲੰਘਾਇਆ, ਵੱਡਾ ਬੂਹਾ ਬੰਦ ਕਰ ਦਿੱਤਾ ਕਿ ਛੋਟੀ ਬਾਰੀ ਵਿੱਚੋਂ ਲੰਘਣਗੇ ਤੇ ਬੰਦਾ ਨੀਵਾਂ ਹੋ ਕੇ ਲੰਘਦਾ ਹੈ ਤੇ ਅਸੀਂ ਕਹਾਂਗੇ, ਗੁਰੂ ਕਲਗੀਧਰ ਪਿਤਾ ਜੀ ਦੇ ਲਾਡਲਿਆਂ ਨੇ ਨਵਾਬ ਨੂੰ ਸਿਰ ਝੁਕਾ ਦਿੱਤਾ। ਬਾਬਾ ਫਤਹਿ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਵੱਲ ਵੇਖਣ ਤੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਵੱਲ। ਅੱਖਾਂ ਨਾਲ ਅੱਖਾਂ ਮਿਲਾਈਆਂ ਕਿ ਇਹ ਵੱਡਾ ਬੂਹਾ ਨਹੀਂ ਖੋਲ੍ਹਿਆ, ਛੋਟਾ ਖੋਲ੍ਹਿਆ ਹੈ ਕਿ ਅਸੀਂ ਇਸ ਤਰ੍ਹਾਂ ਲੰਘਾਂਗੇ ਤੇ ਇਹ ਕਹਿ ਦੇਣਗੇ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਲਾਡਲਿਆਂ ਨੇ ਸਿਰ ਝੁਕਾ ਦਿੱਤਾ। ਅੱਖਾਂ ਅੱਖਾਂ ਨਾਲ ਮਿਲਾ ਕੇ ਗੱਲ ਕਰ ਲਈ ਤੇ ਕਹਿੰਦੇ, ਸਿਰ ਨਹੀਂ ਪਹਿਲਾਂ ਵਜੀਦ ਖਾਂ ਨੂੰ ਜੁੱਤੀ ਵਿਖਾਉਣੀ ਹੈ। ਜੁੱਤੀ ਪਹਿਲਾਂ ਵਿਖਾਈ। ਦਾਸ ਪੂਰਾ ਪ੍ਰਕਰਨ ਨਹੀਂ ਲੈ ਰਿਹਾ। ਜਦੋਂ ਸਾਧ ਸੰਗਤ ਜੀ, ਇਹ ਸਜ਼ਾ ਦੇ ਦਿੱਤੀ ਗਈ, ਨੀਹਾਂ ਵਿੱਚ ਚਿਣ ਦਿਓ। ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਨੂੰ ਕਹਿੰਦੇ, ਵੱਡਾ ਮੈਂ ਤੇ ਕੰਧ ਤੇਰੇ ਗਲੇ ਤੱਕ ਪਹਿਲੇ ਆ ਗਈ ਹੈ। ਇਹ ਭਾਈ ਪਿੰਦਰਪਾਲ ਸਿੰਘ ਜੀ ਨੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿਖੇ ਵੀ ਬਚਨ ਸੁਣਾਇਆ। ਸਾਧ ਸੰਗਤ ਜੀ, ਜਦੋਂ ਕੰਧ ਡਿੱਗੀ ਤੇ ਜਲਾਦ ਨੇ ਛਾਤੀ ਤੇ ਗੋਡਾ ਰੱਖ ਕੇ ਬਾਬਾ ਜ਼ੋਰਾਵਰ ਸਿੰਘ ਜੀ ਦੀ ਸਾਹ ਰਗ ਨੂੰ ਕੱਟਿਆ, ਇਹ ਦੱਸਣਾ ਬੜਾ ਔਖਾ ਹੈ। ਫਿਰ ਛਾਤੀ ਤੇ ਗੋਡਾ ਰੱਖ ਕੇ ਬਾਬਾ ਫਤਹਿ ਸਿੰਘ ਜੀ ਦੀ ਸਾਹ ਰਗ ਨੂੰ ਕੱਟਿਆ, ਜਿਹੜੀ ਅੱਧੀ ਕੱਟੀ ਗਈ ਤੇ ਅੱਧੀ ਨਹੀਂ ਕੱਟੀ ਗਈ।

ਭਾਈ ਕੇਸਰ ਸਿੰਘ ਜੀ ਛਿੱਬਰ ਦੇ ਬਚਨ ਸੁਣਾਏ ਹਨ ਕਿ ਜਿਹੜੇ ਪ੍ਰਾਣ ਨਿਕਲੇ ਹਨ, ਉਹ ਬਾਬਾ ਜ਼ੋਰਾਵਰ ਸਿੰਘ ਜੀ ਦੇ ਪਹਿਲੇ ਤੇ ਭਾਈ ਕੇਸਰ ਸਿੰਘ ਛਿੱਬਰ ਤੇ ਹੋਰ ਰਾਈਟਰਾਂ ਦਾ ਹਵਾਲਾ

*—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ*

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀਃ-

ਸੰਗ੍ਰਹਿ ਕਰਤਾ-ਸੰਪਾਦਕ

312 ਸਾਧਸੰਗਤ ਦੀ ਖੁਸ਼ੀ ਗੁਰੂ ਦੀ ਖੁਸ਼ੀ ਹੈ, ਸੰਗਤ ਦੀ ਅਰਦਾਸ ਨਾਲ ਗੁਰੂ ਦੇ ਹੱਥ ਵੀ ਪਿਆਰ ਨਾਲ ਬੰਨੇ ਜਾਂਦੇ ਹਨ।

313 ਸਾਧਸੰਗਤ ਇੱਕ ਸ਼ੀਸ਼ੇ ਦੀ ਨਿਆਈ ਹੈ ਜੋ ਮਨੁੱਖ ਨੂੰ ਉਸ ਦੇ ਅਉਗਣਾਂ ਦੀ ਪਹਿਚਾਣ ਕਰਵਾਉਂਦੀ ਹੈ।

## ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ

4 ਭਾਣੇ ਵਿੱਚ ਰਹਿਣਾ ਅਤੇ ਹੁਕਮ ਮੰਨਣਾ ਹੀ ਗੁਰਸਿੱਖੀ ਹੈ। ਜੋ ਅਕਾਲ ਪੁਰਖ ਕਰ ਰਿਹਾ ਹੈ, ਉਹ ਠੀਕ ਹੈ। ਉਸ ਦੀ ਰਜ਼ਾ ਵਿੱਚ ਹੀ ਸੁੱਖ ਹੈ।

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

**ਕਾਂਡ ਸੱਤਵਾਂ—**

ਸ਼ੇਰ ਸਿੰਘ ਨੇ ਤਾਕੀ ਵਿੱਚੋਂ ਬਾਹਰ ਦੇਖਿਆ। ਪਲੇਟਫਾਰਮ ਦਾ ਨਜ਼ਾਰਾ ਆਮ ਵਾਂਗ ਹੀ ਸੀ। ਕੁਝ ਸਵਾਰੀਆਂ ਰੇਲ ਗੱਡੀ ਵਿੱਚ ਚੜ੍ਹ ਰਹੀਆਂ ਸਨ ਤੇ ਕੁਝ ਉਤਰ ਰਹੀਆਂ ਸਨ। ਕੁਝ ਲੋਕ ਆਪਣੇ ਰਿਸ਼ਤੇਦਾਰਾਂ ਨੂੰ ਗੱਡੀ ਚੜ੍ਹਾਉਣ ਆਏ ਸਨ, ਜਦ ਕਿ ਕੁਝ ਆਉਣ ਵਾਲੇ ਸੰਬੰਧੀਆਂ ਨੂੰ ਲੈਣ ਆਏ ਸਨ। ਉਹ ਇਹ ਕੁਝ ਦੇਖ ਹੀ ਰਿਹਾ ਸੀ ਕਿ ਉਸ ਦੇ ਨਾਲ ਵਾਲੀ ਸੀਟ ’ਤੇ ਇੱਕ ਬੰਦਾ ਆ ਕੇ ਬੈਠ ਗਿਆ। ਚਿਹਰੇ ਤੋਂ ਭਲਾ ਬੰਦਾ ਜਾਪਦਾ ਸੀ।

ਥੋੜ੍ਹੇ ਚਿਰ ਬਾਅਦ ਹੀ ਗੱਡੀ ਤੁਰ ਪਈ। ਸ਼ੇਰ ਸਿੰਘ ਪਹਿਲੀ ਵਾਰ ਨਾਨਕਸਰ ਆ ਰਿਹਾ ਸੀ। ਪਹਿਲਾਂ ਕੁਝ ਮਹਾਂਪੁਰਖਾਂ ਦੀ ਸੰਗਤ ਕਰ ਚੁੱਕਾ ਸੀ, ਪਰ ਮਨ ਦੀ ਤਸੱਲੀ ਨਾ ਹੋਈ। ਹੁਣ ਬਾਬਾ ਜੀ ਬਾਰੇ ਸੁਣਿਆ, ਨਾਨਕਸਰ ਆ ਰਿਹਾ ਸੀ।

“ਭਾਈ ਸਾਹਿਬ! ਕੀ ਅਗਲਾ ਸਟੇਸ਼ਨ ਜਗਰਾਓਂ ਦਾ ਏ?” ਉਸਨੇ ਨਾਲ ਹੀ ਸੀਟ ’ਤੇ ਆ ਕੇ ਬੈਠੇ ਬੰਦੇ ਕੋਲੋਂ ਪੁੱਛਿਆ।

“ਨਹੀਂ ਜੀ! ਦੋ ਸਟੇਸ਼ਨ ਹੋਰ ਨੇ, ਫਿਰ ਜਗਰਾਓਂ ਆਵੇਗਾ।” ਉਸਨੇ ਦੱਸਿਆ, “ਮੈਂ ਵੀ ਉੱਥੇ ਹੀ ਜਾਣਾ ਏਂ। ਦਿੱਲੀਓਂ ਆਇਆ ਸਾਂ। ਜਗਰਾਓਂ ਸਟੇਸ਼ਨ ਦਾ ਪਤਾ ਹੀ ਨਹੀਂ ਲੱਗਾ। ਕੁਟੀਆ ਜਾਣਾ ਸੀ, ਬਾਬਾ ਜੀ ਦੇ ਦਰਸ਼ਨ ਕਰਨ। ਜਦ ਗੱਡੀ ਕੁਟੀਆਂ ਕੋਲੋਂ ਲੰਘੀ ਤੇ ਪਤਾ ਲੱਗਾ ਕਿ ਜਗਰਾਓਂ ਲੰਘ ਆਏ ਹਾਂ। ਇੱਕ ਸਵਾਰੀ ਨੇ ਦੱਸਿਆ ਕਿ ਮੋਗੇ ਗੱਡੀਆਂ ਕਰਾਸ ਹੋਣੀਆਂ ਨੇ, ਮੋਗੇ ਤੋਂ ਦੂਜੀ ਗੱਡੀ ਚੜ੍ਹ ਜਾਇਆ ਜੇ ਤੇ ਭਾਈ ਮੋਗੇ ਆ ਕੇ ਇਸ ਗੱਡੀ ’ਤੇ ਚੜ੍ਹ ਗਿਆ।

“ਅੱਛਾ ਤੇ ਤੁਸੀਂ ਵੀ ਕਲੇਰੀਂ ਚਲੇ ਹੋ।” ਸ਼ੇਰ ਸਿੰਘ ਨੇ ਹੈਰਾਨੀ ਭਰੀ ਖੁਸ਼ੀ ਨਾਲ ਕਿਹਾ, “ਫਿਰ ਤੇ ਤੁਹਾਨੂੰ ਬਾਬਾ ਜੀ ਨੇ ਹੀ ਇੱਥੇ ਭੇਜਿਆ ਹੈ। ਮੈਂ ਵੀ ਓਥੇ ਹੀ ਚਲਿਆ ਹਾਂ, ਮਨ ਵਿੱਚ ਧਾਰਿਆ ਸੀ ਕਿ ਜੇਕਰ ਪੂਰੇ ਹਨ ਤਾਂ ਅੱਗੋਂ ਲੈਣ ਲਈ ਕੋਈ ਪਹੁੰਚ ਜਾਵੇ।

“ਤਾਂ ਤੇ ਫਿਰ ਤੁਸੀਂ ਪਹਿਲੀ ਵਾਰੀ ਹੀ ਜਾ ਰਹੇ ਹੋ।” “ਹਾਂ ਜੀ ਪਹਿਲੀ ਵਾਰ ਹੀ ਜਾ ਰਿਹਾ ਹਾਂ, ਪਰ ਤੁਸੀਂ ਤੇ ਆਉਂਦੇ ਰਹਿੰਦੇ ਹੋਵੋਗੇ। ਦਿੱਲੀ ਵਿੱਚ ਕੀ ਕਰਦੇ ਹੋ? ਤੁਹਾਡਾਂ ਨਾਂ ਕੀ ਏ?” ਸ਼ੇਰ ਸਿੰਘ ਇਕੱਠੇ ਹੀ ਦੋ ਤਿੰਨ ਸਵਾਲ ਕਰ ਗਿਆ। “ਮੇਰਾ ਨਾਂ ਜੀ ਹਰਦਿੱਤ ਸਿੰਘ ਹੈ।” ਉਸਨੇ ਦੱਸਿਆ, “ਦਿੱਲੀ... ਖਾਰੀ ਬਾਉਲੀ ਵਿੱਚ ਦੁਕਾਨ ਹੈ, ਗੁਰੂ ਨਾਨਕ ਭੰਡਾਰ। ਚਾਰ ਭਰਾ ਹਾਂ। ਸਾਂਝੀ ਦੁਕਾਨ ਹੈ ਕਰਿਆਨੇ ਦੀ। ਮੈਥੋਂ ਤਾਂ ਕਦੇ ਕਦੇ ਹੀ ਆ ਹੁੰਦਾ ਹੈ, ਦਿੱਲੀ ਤੋਂ ਹੋਰ ਬਹੁਤ ਸੰਗੀ ਨੇ ਜੋ ਹਰ ਪੂਰਨਮਾਸ਼ੀ ’ਤੇ ਆਉਂਦੇ ਹਨ।”

“ਤੁਸੀਂ ਪਹਿਲੀ ਵਾਰ ਬਾਬਾ ਜੀ ਦੇ ਦਰਸ਼ਨ

ਕਦ ਕੀਤੇ ਸਨ?" ਸ਼ੇਰ ਸਿੰਘ ਨੇ ਪੁੱਛਿਆ। "ਦਿੱਲੀ ਵਿੱਚ ਹੀ!" ਹਰਦਿੱਤ ਸਿੰਘ ਨੇ ਦੱਸਿਆ, "ਓਥੋਂ ਦੇ ਇੱਕ ਸੰਗੀ ਨੇ ਸੰਪੂਰਨ ਸਿੰਘ। ਸਾਡੀ ਦੁਕਾਨ ਤੋਂ ਸੌਦਾ ਲੈਂਦੇ ਨੇ। ਉਨ੍ਹਾਂ ਨੇ ਹੀ ਦੱਸਿਆ ਸੀ ਕਿ ਬਾਬਾ ਜੀ ਦਿੱਲੀ ਆਏ ਹੋਏ ਨੇ। ਪਹਿਲਾਂ ਆਪਣੀ ਦੁਕਾਨ ਦਾ ਨਾਂ ਗੁਰੂ ਨਾਨਕ ਸਟੋਰ ਰੱਖਿਆ ਸੀ। ਸੰਪੂਰਨ ਸਿੰਘ ਸਾਨੂੰ ਬਾਬਾ ਜੀ ਪਾਸ ਲੈ ਗਿਆ। ਬਾਬਾ ਜੀ ਨੇ ਸਾਨੂੰ ਪੁੱਛਿਆ, "ਭਾਈ ਕੀ ਕੰਮ ਕਰਦੇ ਹੋ।" ਕਿਹਾ ਜੀ, ਕਰਿਆਨੇ ਦੀ ਦੁਕਾਨ ਹੈ- ਗੁਰੂ ਨਾਨਕ ਸਟੋਰ ਤਾਂ ਪੁੱਛਣ ਲੱਗੇ ਸਟੋਰ ਦਾ ਮਤਲਬ ਕੀ ਹੁੰਦਾ ਹੈ। ਸੰਪੂਰਨ ਸਿੰਘ ਨੇ ਦੱਸਿਆ ਤਾਂ ਬਚਨ ਕੀਤਾ ਭਾਈ ਫਿਰ ਭੰਡਾਰ ਹੋਇਆ ਨਾ।

ਫਿਰ ਅਸਾਂ ਸਟੋਰ ਤੋਂ ਨਾ ਬਦਲ ਕੇ ਦੁਕਾਨ ਦਾ ਨਾਂ ਗੁਰੂ ਨਾਨਕ ਭੰਡਾਰ ਰੱਖ ਦਿੱਤਾ। ਤੁਸਾਂ ਤੇ ਆਪਣੇ ਬਾਰੇ ਕੁਝ ਦੱਸਿਆ ਨਹੀਂ। ਕਿੱਥੋਂ ਆ ਰਹੇ ਹੋ?

"ਮੈਂ ਜੀ ਆ ਰਿਹਾ ਹਾਂ ਕਰਾਚੀ ਤੋਂ। ਮੇਰਾ ਨਾਂ ਏਂ ਸ਼ੇਰ ਸਿੰਘ ਭਸੀਨ।" ਸ਼ੇਰ ਸਿੰਘ ਨੇ ਦੱਸਿਆ ਨਾਲ ਹੀ ਇੱਕ ਹੋਰ ਸਵਾਲ ਕਰ ਦਿੱਤਾ, "ਕੋਈ ਬਚਨ ਸੁਣਾਓ ਬਾਬਾ ਜੀ ਦਾ- ਜੋ ਤੁਹਾਡੇ ਨਾਲ ਕੀਤਾ ਹੋਵੇ।"

"ਜਦ ਅਸੀਂ ਸਾਰਾ ਪਰਿਵਾਰ ਪਹਿਲੀ ਵਾਰ ਨਾਨਕਸਰ ਆਏ ਸੀ, ਉਸ ਵੇਲੇ ਦੀ ਗੱਲ ਦੱਸਦਾ ਹਾਂ।" ਹਰਦਿੱਤ ਸਿੰਘ ਨੇ ਕਿਹਾ, "ਨਾਨਕਸਰ ਪੁੱਜੇ ਤੇ ਪਤਾ ਲੱਗਾ ਕਿ ਬਾਬਾ ਜੀ ਭਦੌੜ ਗਏ ਹੋਏ ਨੇ। ਅਸਾਂ ਜਗਰਾਓਂ ਤੋਂ ਬੱਸ ਕਿਰਾਏ 'ਤੇ ਲੈ ਲਈ। ਰਾਹ ਵਿੱਚ ਬੱਸ ਖਰਾਬ ਹੋ ਗਈ। ਸ਼ਾਮ ਹੋ ਗਈ ਸੀ। ਪਿੰਡ ਵੀ ਕੋਈ ਨੇੜੇ ਨਹੀਂ ਸੀ। ਬੱਸ ਵਾਲੇ ਨੇ ਬਹੁਤ ਯਤਨ ਕੀਤਾ, ਪਰ ਠੀਕ ਨਾ ਹੋਈ। ਰਸਤੇ ਵਿੱਚੋਂ ਲੰਘਣ ਵਾਲਿਆਂ ਨੇ ਦੱਸਿਆ ਕਿ ਰਾਤ ਨੂੰ ਲੁਟੇਰਿਆਂ ਦਾ ਡਰ ਏ, ਰਾਤ ਹੋਣ ਤੱਕ ਕਿਸੇ ਟਿਕਾਣੇ 'ਤੇ ਪਹੁੰਚ ਜਾਓ। ਸਾਰਾ ਪਰਿਵਾਰ ਸੀ। ਅਸੀਂ ਬੜਾ ਘਬਰਾਏ। ਅਰਦਾਸ ਕੀਤੀ। ਬੱਸ ਵਾਲਾ ਅਜੇ ਵੀ ਠੀਕ ਕਰਨ ਦਾ ਯਤਨ ਕਰਦਾ ਪਿਆ ਸੀ। ਅਸਾਂ ਅਰਦਾਸ ਕੀਤੀ ਤੇ ਬੱਸ ਠੀਕ ਹੋ ਗਈ। ਉੱਥੋਂ ਤਾਂ ਚੱਲ ਪਈ ਪਰ ਕੁਝ ਦੂਰ ਆ ਕੇ ਫਿਰ ਖਰਾਬ ਹੋ ਗਈ। ਉੱਤੋਂ ਰਾਤ ਪੈ ਗਈ ਸੀ ਪਰ ਸ਼ੁਕਰ ਏ ਨੇੜੇ ਪਿੰਡ ਸੀ। ਇੱਕ ਗੁਰਮੁਖ ਸਾਨੂੰ ਆਪਣੇ ਘਰ ਲੈ ਗਿਆ। ਰਾਤੀਂ ਉਹਦੇ ਘਰ ਰਹੇ। ਸਵੇਰੇ ਥੋੜ੍ਹੇ ਜਿਹੇ ਯਤਨ ਨਾਲ ਬੱਸ ਠੀਕ ਹੋ ਗਈ। ਥੋੜ੍ਹਾ ਅੱਗੇ ਗਏ ਤਾਂ ਸੜਕ ਇੰਨੀ ਖਰਾਬ ਕਿ ਕੀ ਕਹਿਣੇ। ਅਸਾਂ ਸ਼ੁਕਰ ਕੀਤਾ ਕਿ ਬੱਸ ਪਿੰਡ ਕੋਲ ਖਰਾਬ ਹੋ ਗਈ ਸੀ ਨਹੀਂ ਤੇ ਅਸਾਂ ਅੱਗੇ ਆ ਜਾਣਾ ਸੀ ਤੇ ਬਹੁਤ ਖਰਾਬ ਹੋਣਾ ਸੀ। ਬਹੁਤ ਖਰਾਬ ਰਾਹ। ਬਹੁਤ ਚਿਰ ਲੱਗ ਗਿਆ ਭਦੌੜ ਪੁੱਜਣ ਨੂੰ। ਓਥੇ ਗਏ ਤੇ ਪਤਾ ਲੱਗਾ ਬਾਬਾ ਜੀ ਨਾਨਕਸਰ ਵਾਪਸ ਚਲੇ ਗਏ ਨੇ। ਬੱਸ ਵਾਲੇ ਨੂੰ ਵਾਪਸ ਚੱਲਣ ਲਈ ਕਿਹਾ ਪਰ ਕਹਿਣ ਲੱਗਾ ਬੱਸ ਚੰਗੀ ਤਰ੍ਹਾਂ ਨਾਲ ਮਕੈਨਿਕ ਨੂੰ ਦਿਖਾ ਕੇ ਠੀਕ ਕਰਾਉਣੀ ਏਂ, ਤੁਸੀਂ ਕੋਈ ਇੰਤਜ਼ਾਮ ਕਰ ਲਓ। ਅਸੀਂ ਸੋਚਣ ਲੱਗੇ ਹੁਣ ਕੀ ਬਣੇ। ਇੰਨੇ ਨੂੰ ਸਰਦਾਰ ਹਰਚੰਦ ਸਿੰਘ ਮਿਲ ਗਏ। ਉਹ ਵੀ ਸੰਗੀ ਨੇ। ਪਟਿਆਲੇ ਰਾਜ ਵਿੱਚ ਕੰਮ ਕਰਦੇ ਨੇ। ਉਨ੍ਹਾਂ ਨੇ ਮੋਟਰ ਤੇ ਨਾਨਕਸਰ ਜਾਣ ਦਾ ਇੰਤਜ਼ਾਮ ਕਰ ਦਿੱਤਾ। ਪਹੁੰਚਦਿਆਂ- ਪਹੁੰਚਦਿਆਂ ਹਨ੍ਹੇਰਾ ਹੋ ਗਿਆ। ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ। ਦੀਵਾਨ ਵਿੱਚ ਜਾਣ ਲੱਗੇ ਤਾਂ ਇੱਕ ਪ੍ਰੇਮੀ ਨੇ ਦੱਸਿਆ ਕਿ ਬਾਬਾ ਜੀ ਤੁਹਾਨੂੰ ਯਾਦ ਕਰਦੇ ਸਨ। ਮੈਂ ਕਿਹਾ, ਹੈਂ! ਕੀ ਕਹਿੰਦਾ ਪਿਆ ਏਂ? ਸਾਨੂੰ ਯਾਦ ਕਰਦੇ ਸਨ। ਕਹਿੰਦਾ ਹਾਂ, ਬਚਨ ਕਰਦੇ ਸਨ ਅੱਜ ਦਿੱਲੀ ਵਾਲੇ ਬੜੇ ਦੁਖੀ ਹੋਏ

ਹਨ। ਕਹਿਣ ਲੱਗਾ, ਸਾਨੂੰ ਸਮਝ ਨਾ ਪਈ ਕਿਹੜੇ ਦਿੱਲੀ ਵਾਲੇ, ਪੁੱਛਣ ਦੀ ਕਿਸੇ ਦੀ ਹਿੰਮਤ ਨਾ ਪਈ। ਹੁਣ ਤੁਸੀਂ ਆਏ ਤਾਂ ਪਤਾ ਲੱਗਾ। ਪੁੱਛਣ ਲੱਗਾ ਕਿ ਕੀ ਗੱਲ ਹੋਈ ਸੀ। ਅਸਾਂ ਕੁਝ ਦੱਸੀ ਤੇ ਦੀਵਾਨ 'ਚ ਚਲੇ ਗਏ। ਮੱਥਾ ਟੇਕ ਕੇ ਬੈਠ ਗਏ। ਕੀਰਤਨ ਹੁੰਦਾ ਸੀ। ਸ਼ਬਦ ਦੀ ਸਮਾਪਤੀ 'ਤੇ ਬਚਨ ਕੀਤਾ, ਭਾਈ ਤੁਹਾਨੂੰ ਬੜੀ ਤਕਲੀਫ ਹੋਈ। ਅਸਾਂ ਕਿਹਾ ਜੀ ਕਿਰਪਾ ਏ ਤਾਂ ਕਹਿਣ ਲੱਗੇ, ਵਾਹ ਭਾਈ ਇੰਝ ਹੀ ਚਾਹੀਦਾ ਹੈ। ਰਜ਼ਾ ਮੇਂ ਰਹੇ ਤੇ ਕਹੇ ਮਾਲਕ ਦੀ ਕਿਰਪਾ ਹੈ। ਪਿੱਛੋਂ ਬਚਨ ਕਰਦਿਆਂ ਫੁਰਮਾਇਆ ਸਿੱਖ ਕੋਈ ਵੀ ਕਾਰਜ ਕਰੇ, ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਅਰੰਭੇ। ਜੇ ਕਿਤੇ ਜਾਣਾ ਹੋਵੇ ਤਾਂ ਵੀ ਅਰਦਾਸ ਕਰਕੇ ਹੀ ਤੁਰੇ।

ਅਗਲੇ ਦਿਨ ਮੈਂ ਬੇਨਤੀ ਕੀਤੀ ਕਿ ਮੈਨੂੰ ਗੁਰਮੁਖੀ ਨਹੀਂ ਆਉਂਦੀ ਪਾਠ ਕਿਵੇਂ ਕਰਿਆ ਕਰਾਂ ਤਾਂ ਬਚਨ ਕੀਤਾ ਮੂਲ ਮੰਤਰ ਯਾਦ ਹੈ। ਮੈਂ ਕਿਹਾ ਜੀ ਨਹੀਂ ਬਸ 'ਵਾਹਿਗੁਰੂ' ਹੀ ਕਹਿਣਾ ਜਾਣਦਾ ਹਾਂ। ਕਹਿਣ ਲੱਗੇ ਭਾਈ ਮੂਲ ਮੰਤਰ ਵੀ ਯਾਦ ਕਰ। ਹੋਰ ਵੀ ਪ੍ਰੇਮੀ ਸਨ। ਬਾਬਾ ਜੀ ਬਚਨ ਕਰਨ ਲੱਗੇ ਸਿੱਖ ਭਾਈ ਪਰਿਵਾਰ ਸਮੇਤ ਅੰਮ੍ਰਿਤ ਛਕੇ ਤੇ ਰਹਿਤ ਰੱਖੇ। ਪੰਜਾਂ ਪਿਆਰਿਆਂ ਪਾਸੋਂ ਨਾਮ ਦੀ ਦਾਤ ਮਿਲਦੀ ਏ, ਉਹਦੀ ਕਮਾਈ ਕਰੋ। ਬਾਬਾ ਜੀ ਆਪਣੇ ਨਾਲ ਕਿਸੇ ਨੂੰ ਨਹੀਂ ਜੋੜਦੇ। ਆਪ ਮੱਥਾ ਵੀ ਨਹੀਂ ਟਿਕਾਉਂਦੇ। ਬਚਨ ਕਰਦੇ ਨੇ ਕਲਯੁਗ ਦੇ ਵਿੱਚ ਗੁਰੂ ਨਾਨਕ ਮਹਾਰਾਜ ਦਾ ਰਾਜ ਹੈ। ਗੁਰੂ ਨਾਨਕ ਮਹਾਰਾਜ ਦੇ ਦਰ ਤੋਂ ਹੀ ਸਭ ਕੁਝ ਪ੍ਰਾਪਤ ਹੁੰਦਾ ਹੈ। ਬਚਨ ਕਰਦੇ ਨੇ ਗੁਰੂ ਨਾਨਕ ਮਹਾਰਾਜ ਦੇ ਦਰ 'ਤੇ ਆਉਣਾ ਹੀ ਪਵੇਗਾ।

ਉਸੇ ਦਿਨ ਮੈਨੂੰ ਸੱਚਖੰਡ ਭੋਰੇ ਵਿੱਚ ਸੱਦ ਲਿਆ। ਮੇਰੀ ਇੱਛਾ ਸੀ ਦਰਸ਼ਨ ਕਰਨ ਦੀ, ਆਪ ਹੀ ਪੂਰੀ ਕਰ ਦਿੱਤੀ। ਗਿਆ ਤਾਂ ਸੇਵਾਦਾਰਾਂ ਨੂੰ ਤਾੜਦੇ ਸਨ- ਤੁਸੀਂ ਸੇਵਾ ਕਰਕੇ ਨਹੀ ਰਾਜੀ... ਸੇਵਾ ਠੀਕ ਨਹੀਂ ਕੀਤੀ। ਮੈਂ ਵੀ ਕੁਝ ਘਬਰਾ ਗਿਆ। ਮੈਨੂੰ ਦੇਖਿਆ ਤਾਂ ਸੇਵਾ ਕਰਨ ਦਾ ਬਚਨ ਕੀਤਾ। ਐਸੇ ਨੇ ਭਾਈ ਬਾਬਾ ਜੀ। ਹੁਣ ਬੜੀ ਕਿਰਪਾ ਹੈ। ਕਾਰੋਬਾਰ ਚੰਗਾ ਚੱਲਦਾ ਹੈ। ਰੋਜ਼ ਨਿਤਨੇਮ ਕਰਕੇ ਗੁਰਦੁਆਰਾ ਸਾਹਿਬ ਹਾਜ਼ਰੀ ਭਰਦੇ ਹਾਂ। ਮੂਲ ਮੰਤਰ ਯਾਦ ਕਰ ਲਿਆ ਹੈ। ਸਮਾਂ ਕੱਢ ਕੇ ਇੱਥੇ ਵੀ ਆਈਦਾ ਹੈ।

*-ਚਲਦਾ*

---

***ਪੰਨਾ 19 ਦਾ ਬਾਕੀ ਹਿੱਸਾ—***

ਹੁੰਦੇ ਹਨ ਜੋ ਪੁੱਤਰਾਂ ਤੋਂ ਬਾਅਦ ਧੀ ਚਾਹੁੰਦੇ ਹਨ ਪਰ ਐਸਾ ਸ਼ਾਇਦ ਹੀ ਕੋਈ ਹੋਵੇ ਜੋ ਇਕੱਲੀਆਂ ਧੀਆਂ ਚਾਹੇ। ਸ੍ਰ. ਜਵਾਲਾ ਸਿੰਘ ਦੇ ਮਨ ਦਾ ਵੀ ਫੁਰਨਾ ਸੀ ਕਿ ਘਰ ਵਿੱਚ ਇੱਕ ਪੁੱਤਰ ਹੋਵੇ।

ਇੱਕ ਦਿਨ ਉਸਨੇ ਸਮਾਂ ਦੇਖ ਕੇ ਮਹਾਂਪੁਰਖਾਂ ਨੂੰ ਬੇਨਤੀ ਕਰ ਦਿੱਤੀ।

***"ਗੁਰੂ ਨਾਨਕ ਭਲੀ ਕਰਨਗੇ।"***

ਮਹਾਂਪੁਰਖਾਂ ਨੇ ਬਚਨ ਕੀਤਾ। ਗੁਰੂ ਘਰ ਦੇ ਮਹਾਂਪੁਰਖ ਗੁਰੂ ਸਾਹਿਬ ਕਿਰਪਾ ਕਰਨਗੇ ਦਾ ਹੀ ਬਚਨ ਕਰਦੇ ਹਨ, ਆਪਣੇ ਵੱਲੋਂ ਬਚਨ ਨਹੀਂ ਕਰਿਆ ਕਰਦੇ। ਗੁਰ ਕਿਰਪਾ ਸਦਕਾ ਲਗਭਗ ਇੱਕ ਸਾਲ ਬਾਅਦ ਸ੍ਰ. ਜਵਾਲਾ ਸਿੰਘ ਦੇ ਘਰ ਪੁੱਤਰ ਪੈਦਾ ਹੋਇਆ। ਪਰਿਵਾਰ ਬੇਹੱਦ ਖੁਸ਼ ਸੀ ਧੀਆਂ ਵੀ ਵੀਰ ਉੱਤੋਂ ਬਲਿਹਾਰ ਜਾ ਰਹੀਆਂ ਸਨ। ਪਰਿਵਾਰ ਨੇ ਸ਼ੁਕਰਾਨੇ ਦੀ ਅਰਦਾਸ ਕੀਤੀ।

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ **"400 ਸਾਲ ਗੁਰ ਇਤਿਹਾਸ ਦੇ ਨਾਲ"** ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**54. ਪ੍ਰ: ਉਹ ਕਿਹੜੀ ਬਾਣੀ ਹੈ? ਜਿਹੜੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਹਰ ਹੋਣ ਵਾਲੇ ਖੁਸ਼ੀ ਗਮੀ ਦੇ ਭੋਗ ਅਤੇ ਹਰ ਦੀਵਾਨ ਦੀ ਸਮਾਪਤੀ ਤੇ ਪੜ੍ਹੀ ਜਾਂਦੀ ਹੈ?**

ਉ: ਸ੍ਰੀ ਅਨੰਦੁ ਸਾਹਿਬ ਜੀ ਦੀ ਬਾਣੀ

ਇਹ ਪਾਵਨ ਬਾਣੀ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਵੱਲੋਂ ਉਚਾਰਨ ਕੀਤੀ ਹੋਈ ਹੈ। ਇਹ ਬਾਣੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਰਾਗ ਵਿੱਚ ਦਰਜ ਤੇ 917 ਅੰਗ ਤੇ ਸੁਭਾਇਮਾਨ ਹੈ। ਇਸ ਪਾਵਨ ਬਾਣੀ ਦੀਆਂ 40 ਪਉੜੀਆਂ ਹਨ ਅਤੇ ਰਹਾਉ ਦੀ ਕੋਈ ਪੰਕਤੀ ਨਹੀਂ ਹੈ। ਇੱਕ-ਇੱਕ ਪੰਕਤੀ ਵਿੱਚੋਂ ਜੀਵਨ ਜਾਚ ਦੀ ਸੋਝੀ ਮਿਲਦੀ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸ੍ਰੀ ਅਸ਼ਟ ਗੁਰ ਚਮਤਕਾਰ ਵਿੱਚ ਲਿਖਿਆ ਹੈ ਕਿ ਤੀਜੇ ਪਾਤਸ਼ਾਹ ਜੀ ਨੇ ਇਸ ਬਾਣੀ ਦਾ ਉਚਾਰਨ ਆਪਣੇ ਪੁੱਤਰ ਮੋਹਰੀ ਜੀ ਦੇ ਘਰ ਬੱਚੇ ਦੇ ਜਨਮ ਸਮੇਂ ਕੀਤਾ। ਬੱਚੇ ਦਾ ਨਾਂ ਵੀ ਅਨੰਦ ਰੱਖਿਆ ਗਿਆ। ਇਸ ਬਾਣੀ ਦੇ ਉਚਾਰਨ ਨਾਲ ਸਤਿਗੁਰੂ ਜੀ ਸੱਚੇ ਅਨੰਦ ਅਤੇ ਸੱਚੀ ਆਤਮਿਕ ਖੁਸ਼ੀ ਦਾ ਸਰੂਪ ਦਿਖਾਉਣਾ ਚਾਹੁੰਦੇ ਸਨ। ਇਸ ਬਾਣੀ ਦਾ ਉਚਾਰਨ ਖੁਸ਼ੀ ਦੇ ਸਮਿਆਂ ਵਿੱਚ ਵੀ ਕੀਤਾ ਜਾਂਦਾ ਹੈ ਤਾਂ ਕਿ ਸਿੱਖ ਸੰਸਾਰਿਕ ਖੁਸ਼ੀਆਂ ਵਿੱਚ ਹੀ ਕਿਤੇ ਮਸਤ ਨਾ ਹੋ ਜਾਣ, ਸੱਚੀ ਤੇ ਆਦਰਸ਼ਕ ਖੁਸ਼ੀ ਦਾ ਉਪਦੇਸ਼ ਵੀ ਨਾਲ ਹੋਵੇ ਤੇ ਗਮੀ ਦੇ ਸਮੇਂ ਵਿੱਚ ਵੀ ਇਹ ਪਾਵਨ ਬਾਣੀ ਪੜ੍ਹੀ ਜਾਂਦੀ ਹੈ ਤਾਂ ਕਿ ਗਮੀ ਦੇ ਮੌਕਿਆਂ ਤੇ ਵੀ ਇਹ ਬਾਣੀ ਪੜ੍ਹ ਕੇ ਵੈਰਾਗ ਆਵੇ ਤੇ ਭਾਣਾ ਮੰਨਣ ਦਾ ਬਲ ਪ੍ਰਾਪਤ ਹੋਵੇ। ਇਹ ਪਾਵਨ ਬਾਣੀ ਆਸਾ ਦੀ ਵਾਰ ਦੇ ਭੋਗ ਵੇਲੇ, ਅੰਮ੍ਰਿਤ ਸੰਚਾਰ ਵੇਲੇ, ਅਨੰਦ ਕਾਰਜਾਂ ਵੇਲੇ ਭਾਵ ਹਰ ਕਾਰਜ ਜੋ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਹੁੰਦੇ ਹਨ, ਉਸ ਸਮੇਂ ਪੜ੍ਹੀ ਜਾਂਦੀ ਹੈ। ਛੇਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਸਮੇਂ ਵੀ ਇਹ ਬਾਣੀ ਗਾਈ ਗਈ। ਜਿਵੇਂ ਕਿ ਪੰਜਵੇਂ ਪਾਤਸ਼ਾਹ ਜੀ ਫਰਮਾਉਂਦੇ ਹਨ :

***ਗੁਰਬਾਣੀ ਸਖੀ ਅਨੰਦੁ ਗਾਵੈ ॥***
***ਸਾਚੇ ਸਾਹਿਬ ਕੈ ਮਨਿ ਭਾਵੈ ॥੨॥***

*(ਅੰਗ ੩੯੬)*

ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਲ ਅਵਸਥਾ ਵਿੱਚ ਪਹਿਲੀ ਵਾਰ ਸ੍ਰੀ ਅਨੰਦਪੁਰ ਸਾਹਿਬ ਆਏ ਤੇ ਪਿਤਾ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਸ੍ਰੀ ਅਨੰਦ ਸਾਹਿਬ ਜੀ ਦੀ ਬਾਣੀ

ਦਾ ਪਾਠ ਸੁਣਾਇਆ ਤੇ ਨੌਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ, ਬਹੁਤ ਅਨੰਦ ਆਇਆ ਹੈ, ਬਾਣੀ ਸਰਵਣ ਕਰਕੇ ਤੇ ਅੱਜ ਤੋਂ ਬਾਅਦ ਇਸ ਨਗਰ ਦਾ ਨਾਂ ਚੱਕ ਨਾਨਕੀ ਤੋਂ ਸ੍ਰੀ ਅਨੰਦਪੁਰ ਸਾਹਿਬ ਰੱਖਦੇ ਹਾਂ।

**55. ਪ੍ਰ: ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਬਾਉਲੀ ਸਾਹਿਬ ਦੀਆਂ ਕਿੰਨੀਆਂ ਪੌੜੀਆਂ ਹਨ?**

ਉ: 84 ਪੌੜੀਆਂ

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਆਪਣੀ ਪੁਸਤਕ 'ਪਰਬਤੁ ਮੇ ਰਾਣੁ' ਵਿੱਚ ਇਹ ਜ਼ਿਕਰ ਕੀਤਾ ਹੈ ਕਿ ਗੁਰੂ ਜੀ ਨੇ ਸਾਰੇ ਪਾਸੇ ਮੇਵੜੇ ਭੇਜ ਕੇ ਸੰਗਤਾਂ ਨੂੰ ਅੱਸੂ ਵਦੀ ਦਸਵੀਂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਵਾਲੇ ਦਿਨ ਸ੍ਰੀ ਗੋਇੰਦਵਾਲ ਸਾਹਿਬ ਪੁੱਜਣ ਦਾ ਹੁਕਮ ਕੀਤਾ। ਅੰਮ੍ਰਿਤ ਵੇਲੇ ਕੀਰਤਨ ਉਪਰੰਤ ਬਾਬਾ ਬੁੱਢਾ ਸਾਹਿਬ ਜੀ ਨੂੰ ਤੀਜੇ ਪਾਤਸ਼ਾਹ ਜੀ ਨੇ ਟੱਕ ਲਗਾਉਣ ਦੀ ਆਗਿਆ ਦਿੱਤੀ। ਸ੍ਰੀ ਬਾਉਲੀ ਸਾਹਿਬ ਦੀ ਉਸਾਰੀ ਵਿੱਚ ਸੰਗਤ ਦਾ ਬਹੁਤ ਉਤਸ਼ਾਹ ਸੀ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਉਦੋਂ ਨਾਂ ਭਾਈ ਜੇਠਾ ਜੀ ਸੀ, ਭਾਈ ਪਾਰੋ ਜੀ, ਭਾਈ ਸਾਧਾਰਣ ਜੀ, ਭਾਈ ਸੱਚ ਨਿਸੱਚ ਜੀ ਤੇ ਇੱਕ ਮਾਈ ਸੇਵਾਂ ਜੀ ਨੇ ਇਸ ਕਾਰ ਸੇਵਾ ਵਿੱਚ ਪੂਰਨ ਸ਼ਰਧਾ ਨਾਲ ਭਾਗ ਲਿਆ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਇਹ ਵੀ ਲਿਖਿਆ ਹੈ ਕਿ ਇਸ ਬਾਉਲੀ ਦੀਆਂ 84 ਪੌੜੀਆਂ ਰੱਖੀਆਂ ਤੇ ਨਾਲ ਹੁਕਮ ਹੋਇਆ ਕਿ ਜੋ ਇੱਕ ਮਨ ਇੱਕ ਚਿੱਤ ਇਨ੍ਹਾਂ ਪੌੜੀਆਂ ਤੇ 84 ਪਾਠ ਕਰੇਗਾ, ਉਸ ਦਾ ਜਨਮ ਮਰਨ ਕੱਟਿਆ ਜਾਵੇਗਾ। ਸੰਗਤਾਂ ਅੱਜ ਵੀ ਇਸ ਅਸਥਾਨ ਚਉਰਾਸੀ ਕੱਟਣ ਜਾਂਦੀਆਂ ਹਨ।

---

*ਪੰਨਾ 26 ਦਾ ਬਾਕੀ ਹਿੱਸਾ—*

ਦੇ ਕੇ ਆਖਿਆ ਹੈ ਕਿ ਬਾਬਾ ਫਤਹਿ ਸਿੰਘ ਜੀ ਦੇ ਤਕਰੀਬਨ ਅੱਧੀ ਘੜੀ, ਬਾਰ੍ਹਾਂ ਮਿੰਟ ਦੋਵੇਂ ਚਰਨ ਹਿਲਦੇ ਰਹੇ। ਪ੍ਰਾਣ ਅੰਦਰ ਰਹੇ। ਇਤਨੀਆਂ ਮਹਾਨ ਸ਼ਹੀਦੀਆਂ। ਤੁਹਾਡੀ ਅਸਲੀ ਸ਼ਰਧਾਂਜਲੀ ਹੈ, ਪੋਹ ਦੀਆਂ ਰਾਤਾਂ ਵਿੱਚ ਕੋਈ ਨਾ ਕੋਈ ਔਗੁਣ ਛੱਡੀਏ, ਕੋਈ ਨਾ ਕੋਈ ਗੁਣ ਧਾਰਨ ਕਰੀਏ ਤੇ ਦਾਸ ਨੇ ਅਨੁਭਵ ਕੀਤਾ ਹੈ, ਦਾਸ ਤਾਂ ਹੈਰਾਨ ਹੈ ਕਿ ਅਸੀਂ ਰਾਤੀਂ ਆਏ ਹਾਂ ਤੇ ਧੁੰਦ ਵਿੱਚ ਹੀ ਆਏ ਹਾਂ। ਸਾਰੇ ਰਾਹ ਧੁੰਦ। ਦਾਸ ਹੈਰਾਨ ਸੀ, ਬਾਬਾ ਜੀ, ਤੁਸੀਂ ਠੰਡ ਵਿੱਚ ਹੀ ਰਾਤ ਕੱਢੀ ਤੇ ਕਿੰਨੀ ਧੁੰਦ ਇਨ੍ਹਾਂ ਦਿਨਾਂ ਵਿੱਚ ਪੈ ਰਹੀ ਹੈ। ਉਹ ਠੰਡ ਸਿਰੋਂ ਪਾਰ ਸੀ। ਜਿਵੇਂ ਦਰਗਾਹੀ ਚੀਜ਼ ਵਰਤਦੀ ਹੈ ਤੇ ਇਨ੍ਹਾਂ ਦਿਨਾਂ ਵਿੱਚ ਮਨ ਤੁਹਾਡਾ ਜਿਹੜਾ ਨਰਮ ਹੁੰਦਾ ਹੈ, ਵੈਰਾਗ, ਪਿਆਰ ਵਿੱਚ, ਉਸ ਨਰਮ ਮਨ ਵਿੱਚੋਂ ਅਰਦਾਸ ਕਰੋ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਹਾਡੀ ਬਖਸ਼ਿਸ਼ ਨਾਲ ਸਾਡੀ ਝੋਲੀ ਗੁਣ ਪੈ ਜਾਣ ਤੇ ਸਾਡੇ ਅੰਦਰੋਂ ਔਗੁਣ ਨਿਕਲ ਜਾਣ। ਉਸੇ ਵੈਰਾਗ ਵਿੱਚ ਆ ਜਾਓ, ਉਸੇ ਪਿਆਰ ਵਿੱਚ ਆ ਜਾਓ, ਪੋਹ ਦੇ ਦਿਹਾੜੇ, ਸਾਰੀ ਸੰਗਤ ਇੱਕ ਵਾਰੀ ਕਿਰਪਾ ਕਰਿਓ ਜੀ, ਕੋਈ ਵਾਂਝਾ ਨਾ ਰਹੇ। ਅੱਜ ਤੋਂ ਬਾਅਦ ਸਾਰੀਆਂ ਭੈਣਾਂ ਨੇ ਕਹਿਣਾ ਹੈ, ਬਾਬਾ ਜ਼ੋਰਾਵਰ ਸਿੰਘ ਜੀ, ਮੇਰੇ ਵੱਡੇ ਭਾਈ ਹਨ। ਬਾਬਾ ਫਤਹਿ ਸਿੰਘ ਜੀ ਮੇਰੇ ਵੀਰ ਹਨ। ਸਾਰੇ ਵੀਰਾਂ ਨੇ ਵੀ ਕਹਿਣਾ ਹੈ ਕਿ ਬਾਬਾ ਜੀ ਸਾਡੇ ਭਰਾ ਹਨ, ਸਾਡੇ ਭਾਈ ਹਨ। ਕਹਿ ਦਿਓ ਪਿਆਰ ਨਾਲ :

***ਸੋ ਭਾਈ ਮੇਰੈ ਮਨਿ ਭਾਵੈ ॥੧॥ ਰਹਾਉ ॥***

***(ਅੰਗ ੩੨੮)***

# दम बदम के दर्शन (साखी धन्य धन्य श्री गुरु नानक देव जी महाराज की)

## परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

*–जसविन्द्र सिंघ (पटियाला)*

सारी संगत धन्य धन्य श्री गुरु ग्रंथ साहिब जी के प्यार, सत्कार में कहो सतिनाम श्री वाहिगुरु जी।

***खंनिअहु तिखी वालहु निकी एतु मारगि जाणा।।***

*(अंग ६१८)*

वह खनिओ तिखी वाला मार्ग कैसा है? सब कुछ करने के बावजूद तेरा मन यहाँ टिका हुआ हो, मैं सबकुछ कर रहा हूँ पर पूर्ण तभी होगा, यदि धन्य श्री गुरु नानक देव जी महाराज आपकी कृपा हो। बड़ी–बड़ी मेहनत के बाद भी नहीं मिलता जब तक यह सड़क पता न हो, बख्शिश माँगने वाली। महापुरुषों के वचन हैं, धन्य श्री गुरु नानक देव जी महाराज के दरबार में न मेहनत का सिक्का चलता है, न दम मारने का सिक्का चलता है, न मैं का सिक्का चलता है। महापुरुष कहते थे, उसके दरबार में सब कुछ करते हुए सिक्का नम्रता का चलता है।

***हरि जीउ लेखै वार न आवई***
***तूं बखसि मिलावणहारु।।***

*(अंग १४१६)*

ऊँची आवाज में कहो सतिनाम श्री वाहिगुरु जी। न वहाँ मेहनत का सिक्का चलता है, न दम का, न गुणों का। बाबे नानक के दरबार में सिक्का नम्रता का चलता है। जब तुझे यह तरीका आ जाए, सब कुछ मेहनत करके भी बख्शिश माँगनी है। मेहर माँगनी है। रहिमत माँगनी है। मेहनत के मान को निकट नहीं आने देना। वहाँ सिक्का जो है, वह नम्रता का चलता है। कोई समझ न पाया हो तो, दास आपको महापुरुषों की एक बात बताता है, ध्यान देना। दास के मुरशद बाबा कुंदन सिंघ जी ने दास को एक बार पूछा– श्री हरिमंदर साहिब रोज जाते हो। दास ने कहा कि कीर्तन करने के लिए शहर से बाहर भी जाना पड़ता है इसलिए हर रोज तो नहीं जाया जाता। यह गहरी बातें हैं। जीवन में अपनाओ। सुख पाओगे। बताना था, सिक्का कौन–सा चलता है। बाबा जी ने दास को कहा, अगर तूं शहीदां साहिब बैठा हो, कीर्तन सुनता हो, तेरे साथ कोई ऐसा शरीर बैठ जाए जिसने दाढ़ी कटवाई हो। दास को कहने लगे, उस समय बैठा क्या भावना बनाओगे। दास डर

गया। दास वचन तो सुना रहा है, बात स्पष्ट करने के लिए। अन्य कोई मकसद नहीं। दास ने कहा कि आप सुमति प्रदान करो। कहने लगे, पूछा मैंने है। बताओ क्या भावना बनाओगे। दास ने सोचा, महापुरुषों की रसना दो धारी खण्डा होती है। क्या पता किधर चल जाए। दास ने हाथ जोड़कर कहा, आप जी सुमति प्रदान करो। उन्होंने जो लफ्ज कहे, दास को आज तक नहीं भूलते। यह सिक्का नम्रता का। कहने लगे, श्री हरिमंदर साहिब बैठे हो, शहीदां साहिब बैठे हो, कीर्तन सुन रहे हो। तेरे पास कोई ऐसा शरीर भी बैठ जाए, दाढ़ी कटी हुई है। अंदर यह भावना मत बनाना, अंदर यह ख्याल न बनाना, हमारे जैसा ज्ञानी कोई नहीं। इस जैसा निकम्मा कोई नहीं। ऐसे ख्याल बन जाते हैं। यह ख्याल नहीं बनाना उस समय कि हम कीर्तनकार हैं। हम ज्ञानी हैं। हम बड़ी कथा करते हैं। कहने लगे, यह भावना बनाओ। तेरे पास कोई दाढ़ी कटी वाला भी बैठ गया है, धन्य श्री गुरु रामदास जी, धन्य बाबा दीप सिंघ जी, बात आपकी बख्शिश की है। जिस दिन इस पर आपकी बख्शिश हो गई, पता नहीं इस ने हम से भी आगे निकल जाना है। ध्यान देना। दास कैसे बताए, ये बातें। यह तो जरा सा कोई इधर लगता है, गुरु घर की तरफ और भाई नंद लाल जी ने कहा है:

*आशक आशक सब को आखै*
*टेढ़ी पगड़ी धर के।*
*सिर तो परे इश्क दा*
*डेरा बहुत मुड़ आए डर के।*

यह तो मार्ग है, नम्रता का। अन्यथा महापुरुषों की संगत न की हो, कई बार व्यक्ति उधर लगता है। हृदय में मान बैठ जाता है। मेरे जैसा कोई नहीं। मेरे जैसा कोई नहीं। करो कृपा जरा।

*घाल न मिलिओ सेव न मिलिओ*
*मिलिओ आए अचिंता।।*

*(अंग ६७२)*

यहाँ अचिंता का अर्थ बख्शिश भी कह सकते हो, मेहर भी। सारी संगत को विनती है, इस पढ़ाई को समझना। दास एक शहर का नाम नहीं लेना चाहता पर उस शहर की एक बच्ची है जिसे लगन लग गई। लगन लगने के बाद सास से, पति से, परिवार से, सारा माहौल ही अहंकार वाला हो गया। समझना, बड़ी बारीकी है। लगन अच्छी लगी पर उस लगन में मेहर भूल गई। बख्शिश भूल गई। नम्रता का सिक्का भूल गया। सारा घर एक क्लेश का वातावरण बन गया। यह दास गुरु की हजूरी में विनती कर रहा है। उसके पति का फोन आया। फिर उस बच्ची से 15 मिनट बात हुई। दास ने कहा कि यह क्या? अपने शरीर रूपी थाल में छत्तीस प्रकार का भोजन डाला और बाबा नंद सिंघ जी जी का वचन है, छत्तीस प्रकार का भोजन डालने के बाद एक विष्ठा का टुकड़ा थाली में रख दो, सारा भोजन ही खराब हो जाता है। खाने योग्य ही नहीं रहता। तूने अपना अमृत वेला भी बनाया, बाणी से भी जुड़ी, इधर जीवन भी लगाया पर साथ ही अहंकार का विष्ठा का टुकड़ा थाली में रख दिया कि सारा परिवार ही तुझे निकम्मा नजर आने लग गया। खंनिअहु तिखी यह क्या है। यही वालहु निकी है। परिवार के मैंबरों में

सबसे ज्यादा आप बाणी पढ़ते हो। सबसे ज्यादा नाम जपते हो। सबसे ज्यादा संगत करते हो पर दृष्टि यहाँ रखनी है। मेरे परिवार के मैंबर यदि नहीं भी लगे, जिस दिन धन्य श्री गुरु नानक देव जी की मेहर हो गई, हम से भी आगे निकल जाएँगे। समझना। यह है, नम्रता का सिक्का।

बाबा नंद सिंघ जी का जीवन पढ़ते हो। 84–84 साल की उम्र के ऋषि, बाबा नंद सिंघ जी के पास चलकर आए थे। जी, प्राप्ति नहीं हुई। 84 साल हो गए पर प्राप्ति नहीं हुई। जब चलकर आए थे और बाबा जी ने रोज़ा रखा था, बोलने का। महापुरुष रोज़ा रखते थे, कई बार बोलने का। यह भी एक अलग रंग है, अलग इश्क है, प्यार है। आप सबके परस में, जेब में मोबाइल है। चाहे दो दो दिन, दो दो रातें, बातें करो और एक टाइम आता है व तब ही शक्ति मिलती है, जब वह बैटरी चार्ज करता है। यह कभी, कभी न बोलने का रोज़ा रखना, यह भी बैटरी चार्ज के रंग है।

एक बार दास ट्रेन में आ रहा था। यू.पी. का रुट था। मुरादाबाद, रामपुर। जब ट्रेन में वापिस आ रहे थे और भाई पिंदरपाल सिंघ जी भी साथ वाले डिब्बे में थे। वह आ गए दास वाले डिब्बे में। मान देते हैं। आकर फिर शुरू हो गए। इकट्ठे बैठ गए। वचन शुरू। आधा धण्टा बीत गया। दास आनंद लेता रहा। महीना–सवा महीना बाहर लगाकर आए थे। कहने लगे, मैं श्री हजूर साहिब से आ रहा हूँ। बाबा निधान सिंघ जी का वहाँ जोड़ मेला था। दास को उन्होंने अपना वचन सुनाया कि श्री हजूर साहिब मुझे एक ऐसे महापुरुष मिले हैं। काली पोशाक पहनते हैं और 24 घण्टे में दो प्रशादे लेते हैं। छोटा–सा उनका कमरा है, अंदर एक चारपाई और 3–4 मैंबरों के बैठने की जगह। सारा दिन सेवा या बंदगी। जप–तप। कहते चेहरे पर नूर है। और एक वचन सुनाया। उनके साथ एक प्रेमी है। उसने भी बताया कि जब रात साढ़े बारह स्नान करके बैठ जाते हैं। कहते कई बार ऐसी कृपा होती है कि कमरे में रोशनी ही रोशनी हो जाती है। यह होता है। समझ लो। कृपा है। बख्शिश है। कहने लगे, मैंने सोचा कि मैं उनके दर्शन कर आऊँ। कौन–सी रूह है, श्री हजूर साहिब। कहते, जब मैं उनके पास 5–7 मिनट बैठा और कुछ वचन हुए और धन्य धन्य श्री गुरु ग्रंथ साहिब जी में से कई बाणियों के नाम लिए और उन्होने प्रेरणा दी, कोई समय बने हमें इनकी कथा सुनाओ। कुछ बाणियां धन्य धन्य श्री गुरु ग्रंथ साहिब जी में से। पटी, बारहमाह तुखारी, बारहमाह माझ। कहते कि यह बातें तो कई बार होती हैं कि अमुक प्रकरण की कथा। पर कहते जब मैं चलने लगा तो पीठ पर हाथ रख कर कहते, पिंदरपाल सिआं, हो सके तो कीर्तनकारों को संदेश देना और स्वयं भी संदेश समझना। हो सके तो कोशिश किया करो, दो महीने प्रचार करो और एक महीना अंदर बैठकर सांई में लीन रहा करो। ध्यान देना। बात बहुत बड़ी थी। केवल कथा–कीर्तन करते रहना, यह लास्ट मंजिल नहीं। मोबाइल की बैटरी भी दो महीने उपयोग कर लिया करो। महीना अंदर बैठ कर कमाई भी। बैटरी चार्ज। मोबाइल की बैटरी चार्ज करने की जरुरत है। तो ही आगे बात हो सकती

है। संगत जी, बाबा जी कभी–कभी बैटरी चार्ज करते थे कि इतने दिन न बोलने का रोजा है। क्योंकि सांई का सिमरन रुके न। इतने दिन रोजा। प्रशादा एक लेना है। बाबा नंद सिंघ जी के पास एक ऋषि आया और कहता मुझे 84 साल हो गए भक्ति करते पर अभी तक प्राप्ति नहीं हुई। अब बाबा जी का न बोलने का रोजा था और उसको समझाना भी था कि तेरी प्राप्ति में एक विष्ठा का टुकड़ा है। उसको दूर करना है। बाबा जी भोरे में से बाहर निकले और आगे वह ऋषि खड़ा था सवाल लेकर। इलाही बातें थीं। बोलना उन्होंने नहीं था। उस ऋषि ने अपना जोड़ा उतार दिया। दो फीट पीछे हो गया, सत्कार के तौर पर और बाबा जी ने उसका जोड़ा पकड़ा और हजूरिए से साफ करना शुरू कर दिया। हजूरिया माथे को लगाया। उस ऋषि के आगे हाथ जोड़े। जोड़ा वहाँ रख दिया और स्वयं फिर भोरे में चले गए और वह ऋषि बाजू खड़े करके शोर मचाने लगा। महापुरुषों ने न बोलने का रोजा रखा था, बाबा नंद सिंघ जी ने। बोले भी कुछ नहीं, मुझे बता भी गए, 84 साल की मेहनत तेरी क्यों नहीं सफल हो रही। क्योंकि अहंकार का विष्ठा का टुकड़ा साथ है। बाबा जी का ईशारा था जैसे हमने तेरा जोड़ा हजूरिए से साफ किया है, वैसे मन नम्र कर लो। पता नहीं किस समय किसने आगे निकल जाना है। वहाँ सिक्का नम्रता का चलता है। सब कुछ कहकर क्या कहना है।

***हरि जीउ लेखै वार न आवई***

सिक्का कौन–सा चलता हैः

***तूं बखसि मिलावणहारु।।***

*(अंग १४१६)*

सारे वृति ले जाओ, कश्मीर। समय कौन–सा? बाबा नानक जी की तीसरी उदासी। जरा ध्यान देना। कश्मीर में एक कुटिया है। उस कुटिया में एक छोटा–सा बगीचा है, बाग। उस बगीचे में तख्तपोश विराजमान है। उस तख्तपोश पर एक बुजुर्ग बैठा है। उस बुजुर्ग का नाम हैः कमाल। मुसलमान है। भाई वीर सिंघ जी ने लिखा है। मुसलमान कमाल अपने बगीचे में बैठा है। ठण्डी ठण्डी हवा चल रही है और समय है साढ़े छः, पौने सात शाम का। अपने बगीचे में फारसी में बोला जिसका अर्थ था। हे अल्लाह! बुजुर्ग हो गया हूँ इससे पहले मेरा नामोनिशान मिट जाए, दर्शन तो दे दो। पूरे लफ्ज लिखे हैं भाई वीर सिंघ जी ने, इस बुजुर्ग के अंदर से पुकार निकल रही है कि मेरी सारी उम्र में आशा पूरी नहीं हुई, रोकर विनती है। मेरे रब एक बार दर्शन दे जाओ। बुजुर्ग हो गया हूँ। प्राप्ति नहीं हुई। आँखों में आंसू। करो दीदारः

***मिलु मेरे प्रीतमा जीउ***
***तुधु बिनु खरी निमाणी।।***

*(अंग २४४)*

कहते हवा चलने लग गई। ठण्ड लगने लग गई। सोचता है अंदर चला जाऊँ। बगीचे के अंदर कमरे में चला जाउँ। सोचता है, अंदर चला जाऊँ और ऊँट की घण्टियों की आवाज आई। ऊँट आ रहा है और उसकी घण्टियों की आवाज आई। मुसलमान कमाल कहता है रुक जाता हूँ। शायद, मेरा मित्र आ रहा है। मित्र का नाम लिखा है, भाई वीर सिंघ जी ने ब्रहमदास।

एक ऊँट पर बैठा है, आ रहा है। एक ऊंट पीछे है। जो पीछे ऊंट है, उस पर अठारह पुराण एवं कुराण ग्रंथ है। स्वयं अगले ऊंट पर बैठा हुआ है। नीचे उतरा। बगीचे में आया। मेल–मिलाप हुआ। वहाँ एक तख्तपोश खाली था। ब्रह्मदास को कमाल ने उस पर बैठा दिया। भाई वीर सिंघ जी ने लिखा है, सूरज प्रकाश द्वारा। जो ब्रह्मदास आया है, इसका जो कुर्ता था, पीला। सिर पर कपड़ा भी बंधा हुआ है, पीला। वस्त्र भी पीले और यह जो ब्रह्मदास है, वह हिन्दू है। वह मुसलमान। भाई वीर सिंघ जी ने लिखा है गले में माला है और जिसके नीचे ठाकुर की मूर्ति है। वह तख्तपोश पर बैठ गया और कमाल भी बैठ गया। कमाल ने कहा, ब्रह्मदास तूं हिन्दू घर का और मैं मुसलमान घर का। वचन सुनना। कमाल कहता है, ब्रह्मदास! तुझे पत्थर का महबूब मिल गया। गले में ठाकुर की मूर्ति थी। वह कहने लगा, तुझे पत्थर का महबूब मिल गया, पर मेरी इतनी बड़ी उम्र हो गई, मौत सामने नजर आ रही है, मुझे तो अभी तक कोई नूर नजर नहीं आया। रोजे भी रखे।

भाई वीर सिंघ जी ने लिखा है, ब्रह्मदास कहता है कमाल, तूने अभी परमार्थ की बात की है। जो मेरे पास ठाकुर की मूर्ति गले में है, दिन में दो बार पूजा करता हूँ। पुराण पढ़ता हूँ। किताबें संस्कृति की मैं पढ़ता हूँ। ब्रह्मदास ने कहा– समय तो मेरा भी व्यतीत हो रहा है पर दिल की बात बताऊँ, प्राप्ति मुझे भी नहीं हुई। अब जो लफ्ज भाई वीर सिंघ जी ने लिखे है, वह दास आपको बता रहा है। यह बुजुर्ग मुसलमान क्या कहता है, कमाल? ब्रह्मदास हम दोनों एक जैसे हैं। न तुझे प्राप्ति हुई, न मुझे। ब्रह्मदास ने कहा, कमाल! एक बात तुझे मालूम है। मुसलमान कमाल ने कहा कौन–सी? ब्रह्मदास ने कहा, हमारे क्षेत्र कश्मीर में 14 दिनों से एक तपा आया है, जिसका नाम है, गुरु नानक। कमाल ने कहा, मुझे नहीं मालूम। कहाँ रुका है, वह स्थान बताओ। अमुक स्थान वह तपा वहाँ ठहरा हुआ है। ब्रह्मदास ने कहा– कमाल! एक गडरिया भेड़–बकरियां चरा रहा था। उस तपे से उस गडरिए ने मजाक किया और पता चला कि उस गडरिए की तमाम भेड़ें मर गईं। वह गडरिया उस तपे की शरण में आया कि हे तपे! मैं पहचान नहीं सका। मुझे क्षमा कर दो। ब्रह्मदास ने कहा– कमाल! उस तपे ने कहा, गडरिये, चाहे किसी को पहचानो या न पहचानो पर व्यंग्य किसी से नहीं करते। बड़ी गहरी बात है। ब्रह्मदास कमाल मुसलमान को सुना रहा है। पता लगा है। जब शरण में आया, माफी मांगी, उपदेश लिया, चाहे किसी को पहचानो अथवा न पहचानो पर व्यंग्य नहीं करते। जब वह शरण में आया, भेड़ें मालिक की हैं मैं नौकर हूँ, क्या बनेगा? ब्रह्मदास सुना रहा है, कमाल दास मुसलमान को। उस तपे ने क्या कहा? इन भेड़ों के कान में एक बार जरुर वाहिगुरु कह दे। सब उठ जाएँगी।

*सतिगुरु मेरा सरब प्रतिपालै ।।*
